## ਅਧਿਆਇ 11

# ਬੁੜਬੁੜਾਉਣਾ ਅਤੇ ਸ਼ਿਕਾਇਤ ਕਰਨਾ

ਕਨਾਨ ਨੂੰ ਜਾਣ ਦੇ ਲਈ ਸੀਨਈ ਪਹਾੜ ਤੋਂ ਆਪਣੇ ਸਫ਼ਰ ਦੀ ਸ਼ੁਰੂਆਤ ਕਰਨ ਤੋਂ ਬਾਅਦ (10:11), ਇਸਰਾਏਲੀਆਂ ਨੇ ਤਿੰਨਾਂ ਦਿਨਾਂ ਦਾ ਪੈਂਡਾ ਕੀਤਾ ਜਦੋਂ ਤੱਕ ਉਨ੍ਹਾਂ ਨੂੰ "ਵਿਸਰਾਮ ਦਾ ਥਾਂ" ਨਹੀਂ ਲੱਭਿਆ ਜਿਸ ਦੀ ਉਹ ਤਲਾਸ਼ ਕਰ ਰਹੇ ਸਨ (10:33)। ਵਿਸਰਾਮ ਦੀ ਥਾਂ ਤੇ ਪਹੁੰਚਣ ਤੇ, ਉਨ੍ਹਾਂ ਨੇ ਬੁੜਬੁੜਾਉਣ ਅਤੇ ਸ਼ਿਕਾਇਤ ਕਰਨ ਦੇ ਦੁਆਰਾ ਪਰਮੇਸ਼ੁਰ ਦੇ ਵਿਰੁੱਧ ਪਾਪ ਕੀਤਾ ਸੀ (11:1)। ਆਖ਼ਰਕਾਰ, ਉਨ੍ਹਾਂ ਦੇ ਪਾਪ ਦੇ ਪ੍ਰਤੀ ਜਵਾਬ ਵਿਚ, ਪਰਮੇਸ਼ੁਰ ਨੇ "ਪਰਜਾ ਨੂੰ ਅੱਤ ਵੱਡੀ ਬਵਾ ਨਾਲ ਮਾਰਿਆ" (11:33)। ਉਨ੍ਹਾਂ ਦੇ ਪਾਪ ਅਤੇ ਪਾਪ ਕਰਨ ਤੋਂ ਬਾਅਦ ਜੋ ਉਨ੍ਹਾਂ ਨੂੰ ਸਜ਼ਾ ਮਿਲੀ ਉਸ ਦੇ ਕਾਰਣ, ਬਹੁਤ ਸਾਰੇ ਲੋਕ ਉਸ ਥਾਂ ਦੱਬੇ ਗਏ। ਇਸ ਲਈ ਇਸ ਥਾਂ ਨੂੰ "ਕਿਬਰੋਥ-ਹੱਤਾਵਾਹ" ਕਿਹਾ ਗਿਆ ਸੀ ਜਿਸ ਦਾ ਅਰਥ ਹੈ "ਲਾਲਚ ਦੀਆਂ ਕਬਰਾਂ" (11:34)।

ਜੇਕਰ ਅਸੀਂ ਪਹਿਲੀ ਵਾਰ ਗਿਣਤੀ ਦੀ ਪੁਸਤਕ ਪੜ੍ਹ ਰਹੇ ਹੁੰਦੇ, ਬਿਨ੍ਹਾਂ ਇਹ ਜਾਣੇ ਕਿ ਅੱਗੇ ਕੀ ਹੋਵੇਗਾ, ਅਸੀਂ ਇਸ ਅਧਿਆਇ ਦੀਆਂ ਘਟਨਾਵਾਂ ਤੋਂ ਹੈਰਾਨ ਹੋਣਾ ਸੀ। ਇਹ ਉਹੀ ਇਸਰਾਏਲੀ ਸਨ, ਜਿਨ੍ਹਾਂ ਨੇ ਪੁਸਤਕ ਵਿਚ ਹੁਣ ਤੱਕ ਨਿਰੰਤਰ ਪਰਮੇਸ਼ੁਰ ਦੇ ਹੁਕਮਾਂ ਦਾ ਪਾਲਣ ਕੀਤਾ ਸੀ। ਉਨ੍ਹਾਂ ਨੇ ਅਚਾਣਕ ਅਣਆਗਿਆਕਾਰੀ ਕਰਨੀ ਕਿਉਂ ਸ਼ੁਰੂ ਕਰ ਦਿੱਤੀ ਸੀ? ਅਧਿਆਇ 11 ਵਿਚ ਉਨ੍ਹਾਂ ਦਾ ਸ਼ਿਕਾਇਤ ਕਰਨਾ ਇਸਰਾਏਲੀਆਂ ਦੇ ਉਨ੍ਹਾਂ ਬਹੁਤ ਸਾਰੇ ਪਾਪਾਂ ਵਿੱਚੋਂ ਪਹਿਲਾ ਪਾਪ ਸੀ ਜਿਨ੍ਹਾਂ ਬਾਰੇ ਗਿਣਤੀ ਦੀ ਪੁਸਤਕ ਵਿਚ ਦੱਸਿਆ ਗਿਆ ਹੈ। ਦਰਅਸਲ, ਇਹ ਅਧਿਆਇ ਪਾਪ ਕਰਨ ਦੀ ਇਕ ਕਹਾਣੀ ਨਾਲ ਸ਼ੁਰੂ ਹੁੰਦਾ ਹੈ ਜਿਹੜੀ ਅਧਿਆਇ 25 ਤੱਕ ਚੱਲਦੀ ਰਹਿੰਦੀ ਹੈ।

## ਬੁੜਬੁੜਾਉਣਾ ਅਤੇ ਤਬਏਰਾਹ ਵਿਚ ਅੱਗ (11:1-3)

**1ਤਾਂ ਪਰਜਾ ਯਹੋਵਾਹ ਦੇ ਸੁਣਨ ਵਿੱਚ ਬੁੜ ਬੁੜਾਉਣ ਅਤੇ ਅਵੱਲੀਆਂ ਗੱਲਾਂ ਆਖਣ ਲੱਗੀ ਅਤੇ ਜਾਂ ਯਹੋਵਾਹ ਨੇ ਸੁਣਿਆ ਤਾਂ ਉਸ ਦਾ ਕ੍ਰੋਧ ਭੜਕ ਉੱਠਿਆ ਅਤੇ ਯਹੋਵਾਹ ਦੀ ਅੱਗ ਉਨ੍ਹਾਂ ਵਿੱਚ ਬਲਣ ਲੱਗ ਪਈ ਅਤੇ ਡੇਰੇ ਦੀਆਂ ਹੱਦਾਂ ਵਿੱਚ ਉਨ੍ਹਾਂ ਨੂੰ ਭਸਮ ਕਰ ਸੁੱਟਿਆ। 2ਫੇਰ ਪਰਜਾ ਨੇ ਮੂਸਾ ਅੱਗੇ ਦੁਹਾਈ ਦਿੱਤੀ ਅਤੇ ਮੂਸਾ ਨੇ ਯਹੋਵਾਹ ਅੱਗੇ ਬੇਨਤੀ ਕੀਤੀ ਤਾਂ ਅੱਗ ਹਟ ਗਈ। 3ਉਸ ਥਾਂ ਦਾ ਨਾਉਂ ਤਬਏਰਾਹ ਪੈ ਗਿਆ ਕਿਉਂ ਜੋ ਯਹੋਵਾਹ ਦੀ ਅੱਗ ਉਨ੍ਹਾਂ ਵਿੱਚ ਬਲ ਉੱਠੀ ਸੀ।**

**ਆਇਤ 1.** ਬੁੜਬੁੜਾਉਣਾ ਪਹਿਲਾ ਪਾਪ ਸੀ ਜਿਸ ਦਾ ਜ਼ਿਕਰ ਕੀਤਾ ਗਿਆ ਸੀ। **ਪਰਜਾ ਯਹੋਵਾਹ ਦੇ ਸੁਣਨ ਵਿੱਚ ਬੁੜ ਬੁੜਾਉਣ ਅਤੇ ਅਵੱਲੀਆਂ ਗੱਲਾਂ ਆਖਣ ਲੱਗੀ।** NIV ਬਾਈਬਲ ਇਸ ਦਾ ਅਨੁਵਾਦ ਇਸ ਤਰ੍ਹਾਂ ਕਰਦੀ ਹੈ, "ਹੁਣ ਪਰਜਾ ਯਹੋਵਾਹ ਦੇ ਸੁਣਨ ਵਿਚ ਉਨ੍ਹਾਂ ਦੀਆਂ ਮੁਸ਼ਕਲਾਂ ਬਾਰੇ ਬੁੜਬੁੜਾਈ।" NRSV ਬਾਈਬਲ ਆਖਦੀ ਹੈ, "ਹੁਣ ਜਦੋਂ ਪਰਜਾ ਯਹੋਵਾਹ ਦੇ

ਸੁਣਨ ਵਿਚ ਉਨ੍ਹਾਂ ਦੀਆਂ ਬਦਕਿਸਮਤੀਆਂ ਬਾਰੇ ਬੁੜਬੁੜਾਈ।" NKJV ਬਾਈਬਲ ਵਿਚ ਲਿਖਿਆ ਹੈ "ਹੁਣ ਜਦੋਂ ਪਰਜਾ ਬੁੜਬੁੜਾਈ, ਇਸ ਨੇ ਯਹੋਵਾਹ ਨੂੰ ਅਪ੍ਰਸੰਨ ਕੀਤਾ; ਕਿਉਂਕਿ ਯਹੋਵਾਹ ਨੇ ਸੁਣਿਆ।" NASB ਬਾਈਬਲ ਇਸ ਹਵਾਲੇ ਦਾ ਸ਼ਾਬਦਿਕ ਤੌਰ ਤੇ ਅਨੁਵਾਦ ਕਰਦੀ ਹੈ।

ਉਨ੍ਹਾਂ ਦੇ ਬੁੜਬੁੜਾਉਣ ਦੇ ਸੁਭਾਅ ਬਾਰੇ ਕੋਈ ਵੇਰਵਾ ਨਹੀਂ ਦਿੱਤਾ ਗਿਆ ਹੈ। ਸ਼ਾਇਦ ਉਹ ਹਾਲੇ ਭੋਜਨ ਬਾਰੇ ਬੁੜਬੁੜਾਉਣਾ ਸ਼ੁਰੂ ਕਰ ਰਹੇ ਸਨ। ਉਨ੍ਹਾਂ ਦੇ ਬੁੜਬੁੜਾਉਣ ਦੇ ਕਾਰਣ ਪਰਮੇਸ਼ੁਰ ਦਾ **ਕ੍ਰੋਧ ਭੜਕ ਉੱਠਿਆ**, ਇਸ ਲਈ ਉਸ ਨੇ **ਅੱਗ** ਘੱਲੀ ਜਿਸ ਨੇ **ਡੇਰੇ ਦੀਆਂ ਹੱਦਾਂ ... ਨੂੰ ਭਸਮ ਕਰ ਸੁੱਟਿਆ**।

**ਆਇਤਾਂ 2, 3. ਪਰਜਾ ਨੇ ... ਦੁਹਾਈ ਦਿੱਤੀ**, ਇਸ ਵਿਚ ਕੋਈ ਸ਼ੱਕ ਨਹੀਂ ਹੈ ਕਿ ਡਰ ਦੇ ਮਾਰੇ ਅਤੇ ਉਨ੍ਹਾਂ ਦੇ ਲਈ **ਮੂਸਾ ਨੇ ਬੇਨਤੀ ਕੀਤੀ**। ਪਰਮੇਸ਼ੁਰ ਨੇ ਮੂਸਾ ਦੀ ਬੇਨਤੀ ਨੂੰ ਸੁਣਿਆ ਅਤੇ ਉਸ ਦਾ ਉੱਤਰ ਦਿੱਤਾ ਇਸ ਲਈ **ਅੱਗ ਹਟ ਗਈ**। ਫਿਰ ਪਰਜਾ ਨੇ ਉਸ ਥਾਂ ਨੂੰ ਤਬਏਰਾਹ ਆਖਿਆ, ਉਹ ਸ਼ਬਦ ਜਿਸ ਦਾ ਅਰਥ ਹੈ "ਬਲਣਾ," **ਕਿਉਂ ਜੋ ਯਹੋਵਾਹ ਦੀ ਅੱਗ ਉਨ੍ਹਾਂ ਵਿੱਚ ਬਲ ਉੱਠੀ ਸੀ**। ਤਬਏਰਾਹ ਨੂੰ ਅਧਿਆਇ 33 ਵਿਚ ਦਿੱਤੀ ਗਈ ਡੇਰੇ ਦੀਆਂ ਥਾਵਾਂ ਦੀ ਸੂਚੀ ਵਿਚ ਸ਼ਾਮਲ ਨਹੀਂ ਕੀਤਾ ਗਿਆ ਹੈ।

ਇਸ ਗੱਲ ਦਾ ਕੋਈ ਸੰਕੇਤ ਨਹੀਂ ਦਿੱਤਾ ਗਿਆ ਹੈ ਕਿ ਅਸਲ ਵਿਚ ਕਿਸੇ ਨੂੰ ਵੀ "ਡੇਰੇ ਦੀਆਂ ਹੱਦਾਂ" ਵਿਚ ਲੱਗੀ ਅੱਗ ਨਾਲ ਕੋਈ ਨੁਕਸਾਨ ਹੋਇਆ ਸੀ। ਬਲਕਿ, ਇਸ ਅੱਗ ਨੇ ਇਕ ਚਿਤਾਵਨੀ ਦਾ ਕੰਮ ਕੀਤਾ ਸੀ। ਪਰਮੇਸ਼ੁਰ ਨੇ ਲੋਕਾਂ ਨੂੰ ਵਿਖਾਇਆ ਸੀ ਕਿ ਉਨ੍ਹਾਂ ਦੇ ਲਗਾਤਾਰ ਬੁੜਬੁੜਾਉਣ ਨਾਲ ਪਰਮੇਸ਼ੁਰ ਉਨ੍ਹਾਂ ਨਾਲ ਕੀ ਕਰ ਸਕਦਾ ਸੀ ਅਤੇ ਕੀ ਕਰੇਗਾ। ਜੇਕਰ ਅੱਗ ਨੂੰ ਘੱਲਣ ਦਾ ਪਰਮੇਸ਼ੁਰ ਦਾ ਉਦੇਸ਼ ਇਹੀ ਸੀ, ਤਾਂ ਇਸ ਨੇ ਆਪਣੇ ਉਦੇਸ਼ ਨੂੰ ਪੂਰਾ ਨਹੀਂ ਸੀ ਕੀਤਾ ਕਿਉਂਕਿ ਇਸ ਤੋਂ ਬਾਅਦ ਲੋਕ ਹੋਰ ਵੀ ਜ਼ਿਆਦਾ ਬੁੜਬੁੜਾਏ।

ਲੋਕ ਇਸ ਤਰ੍ਹਾਂ ਅਚਾਣਕ ਉਨ੍ਹਾਂ ਦੇ ਨਿਰੰਤਰ ਆਗਿਆ ਪਾਲਣ ਕਰਨ ਤੋਂ ਜਿਵੇਂ ਕਿ 1 ਤੋਂ 10 ਅਧਿਆਵਾਂ ਵਿਚ ਵਿਖਾਇਆ ਗਿਆ ਹੈ ਅਣਆਗਿਆਕਾਰੀ ਵੱਲ ਮੁੜ ਕੇ ਉਨ੍ਹਾਂ ਵਰਗੇ ਕਿਉਂ ਬਣ ਗਏ "ਜਿਹੜੇ ਯਹੋਵਾਹ ਦੇ ਸੁਣਨ ਵਿੱਚ ਬੁੜ ਬੁੜਾਉਂਦੇ ਹਨ"? ਇਸ ਸਵਾਲ ਦਾ ਕੋਈ ਨਿਸ਼ਚਤ ਜਵਾਬ ਨਹੀਂ ਦਿੱਤਾ ਜਾ ਸਕਦਾ। ਸ਼ਾਇਦ ਗਿਣਤੀ ਦੀ ਪੁਸਤਕ ਦੇ ਪਹਿਲੇ ਦਸ ਅਧਿਆਵਾਂ ਵਿਚ ਉਨ੍ਹਾਂ ਦੀ ਆਗਿਆਕਾਰੀ ਉਸ ਸਜ਼ਾ ਤੋਂ ਪ੍ਰੇਰਿਤ ਸੀ ਜੋ ਉਨ੍ਹਾਂ ਨੂੰ ਕੂਚ 32 ਵਿਚ ਲਿਖੀ ਸੋਨੇ ਦੇ ਬੱਛੇ ਦੀ ਘਟਨਾ ਤੋਂ ਬਾਅਦ ਪਰਮੇਸ਼ੁਰ ਕੋਲੋਂ ਮਿਲੀ ਸੀ। ਉਸ ਘਟਨਾ ਤੋਂ ਬਾਅਦ, ਬਾਕੀ ਬਚੀ ਕੂਚ ਦੀ ਪੁਸਤਕ ਅਤੇ ਗਿਣਤੀ ਦੀ ਪੁਸਤਕ ਦੇ ਪਹਿਲੇ ਦਸ ਅਧਿਆਇ ਲੋਕਾਂ ਨੂੰ ਵਫ਼ਾਦਾਰ ਅਤੇ ਆਗਿਆਕਾਰੀ ਪੇਸ਼ ਕਰਦੇ ਹਨ। ਪਰ, ਸੋਨੇ ਦੇ ਬੱਛੇ ਨੂੰ ਤਬਾਹ ਕਰਨ ਤੋਂ ਬਾਅਦ ਬਹੁਤ ਸਾਰੇ ਮਹੀਨੇ ਬੀਤ ਚੁੱਕੇ ਸਨ। ਕਾਲਕ੍ਰਮਕ ਰੂਪ ਵਿਚ, ਲੇਵੀਆਂ ਵਿਚ ਬਿਧੀਆਂ ਦਾ ਦਿੱਤਾ ਜਾਣਾ ਕੂਚ ਅਤੇ ਗਿਣਤੀ ਦੇ ਵਿਚਕਾਰ ਆਉਂਦਾ ਹੈ। ਇਸ ਲਈ, ਸਾਨੂੰ ਇਹ ਗੌਰ ਕਰਨਾ ਚਾਹੀਦਾ ਕਿ ਲੇਵੀਆਂ 10 ਅਤੇ 24 ਪਾਪ ਦੀਆਂ ਦੋ ਘਟਨਾਵਾਂ ਬਾਰੇ ਲਿਖਿਆ ਗਿਆ ਹੈ ਜੋ ਕੁਝ ਇਸਰਾਏਲੀਆਂ ਦੁਆਰਾ ਕੀਤੇ ਗਏ ਸਨ। ਇਸਰਾਏਲੀ ਪਰਤੱਖ ਰੂਪ ਵਿਚ ਉਸ ਸਬਕ ਨੂੰ ਭੁੱਲ ਚੁੱਕੇ ਸਨ ਜੋ ਪਰਮੇਸ਼ੁਰ ਉਨ੍ਹਾਂ ਨੂੰ ਸਿਖਾਉਣਾ ਚਾਹੁੰਦਾ ਸੀ। ਉਹ ਦੁਬਾਰਾ ਬੁੜਬੁੜਾਉਣ ਵਾਲੇ ਬਣ ਗਏ ਜਿਵੇਂ ਕਿ ਉਹ ਮਿਸਰ ਵਿੱਚੋਂ ਨਿੱਕਲਣ ਤੋਂ ਬਾਅਦ ਬਣ ਗਏ ਸਨ।

## ਭੋਜਨ ਦੇ ਬਾਰੇ ਬੁੜਬੁੜਾਉਣਾ (11:4-9)

**4ਫੇਰ ਰਲੀ ਮਿਲੀ ਭੀੜ ਜਿਹੜੀ ਉਨ੍ਹਾਂ ਵਿੱਚ ਸੀ ਬਹੁਤ ਹਾਬੜ ਗਈ ਅਤੇ ਇਸਰਾਏਲੀ**

**ਵੀ ਬਾਰਮ ਬਾਰ ਰੋਏ ਅਤੇ ਆਖਣ ਲੱਗੇ, ਸਾਨੂੰ ਮਾਸ ਕੌਣ ਖਵਾਵੇਗਾ? 5ਅਸੀਂ ਉਨ੍ਹਾਂ ਮੱਛੀਆਂ ਨੂੰ ਚੇਤੇ ਕਰਦੇ ਹਾਂ ਜਿਹੜੀਆਂ ਅਸੀਂ ਮਿਸਰ ਵਿੱਚ ਮੁਫ਼ਤ ਖਾਂਦੇ ਸਾਂ ਨਾਲੇ ਖੀਰੇ, ਖ਼ਰਬੂਜੇ, ਗੰਦਨੇ, ਪਿਆਜ਼ ਅਰ ਲਸਣ। 6ਪਰ ਹੁਣ ਸਾਡੀ ਜਾਨ ਸੁੱਕ ਗਈ ਹੈ। ਹੁਣ ਤਾਂ ਕੁਝ ਵੀ ਨਹੀਂ ਦਿੱਸਦਾ ਸਿਵਾਏ ਇਸ ਮੰਨ ਦੇ! 7ਉਹ ਮੰਨ ਧਨੀਏ ਵਰਗਾ ਸੀ ਅਤੇ ਮੋਤੀ ਵਾਂਙੁ ਦਿੱਸਦਾ ਸੀ। 8ਲੋਕ ਜਾ ਕੇ ਉਹ ਨੂੰ ਇਕੱਠਾ ਕਰ ਲੈਂਦੇ ਸਨ ਅਤੇ ਉਹ ਨੂੰ ਚੱਕੀਆਂ ਵਿੱਚ ਪੀਂਹਦੇ ਅਥਵਾ ਉੱਖਲੀ ਵਿੱਚ ਕੁੱਟਦੇ ਸਨ, ਫੇਰ ਉਹ ਨੂੰ ਤਵੀਆਂ ਵਿੱਚ ਤਲ ਕੇ ਉਹ ਦੇ ਫੁਲਕੇ ਬਣਾ ਲੈਂਦੇ ਸਨ ਅਤੇ ਉਹ ਦਾ ਸੁਆਦ ਤੇਲ ਵਿੱਚ ਤਲੀਆਂ ਹੋਈਆਂ ਪੂੜੀਆਂ ਵਰਗਾ ਸੀ। 9ਜਦ ਰਾਤ ਨੂੰ ਡੇਰੇ ਉੱਤੇ ਤਰੇਲ ਪੈਂਦੀ ਸੀ ਤਾਂ ਮੰਨ ਉਸ ਉੱਤੇ ਉਤਰਦਾ ਸੀ।**

**ਆਇਤ 4.** ਰਲੀ ਮਿਲੀ ਭੀੜ ਦੇ ਪਿੱਛੇ ਲੱਗ ਕੇ, ਲੋਕ ਹੋਰ ਜਿਆਦਾ ਬੁੜ ਬੁੜਾਉਣ ਲੱਗੇ: **ਰਲੀ ਮਿਲੀ ਭੀੜ ਜਿਹੜੀ ਉਨ੍ਹਾਂ ਵਿੱਚ ਸੀ ਬਹੁਤ ਹਾਬੜ ਗਈ।** "ਹਾਬੜ ਗਈ" ਜਿਸ ਦਾ ਅਰਥ ਹੈ ਕਿ "ਉਨ੍ਹਾਂ ਅੰਦਰ ਲਾਲਚੀ ਇੱਛਾਵਾਂ ਸਨ" ਦਾ ਅਨੁਵਾਦ "ਲਾਲਸਾ ਦੇ ਲਈ ਚਾਹ ਕਰਨਾ" ਕੀਤਾ ਜਾ ਸਕਦਾ ਹੈ; ਦੂਜੇ ਸ਼ਬਦਾਂ ਵਿਚ, "[ਮਾਸ ਲਈ] ਲਈ ਉਨ੍ਹਾਂ ਦੀ ਲਾਲਸਾ ਬਹੁਤ ਡੂੰਘੀ ਸੀ।"[1] ਕਲਪਨਾ ਕੀਤੀ ਜਾਂਦੀ ਹੈ ਕਿ "ਰਲੀ ਮਿਲੀ ਭੀੜ" (אֲסַפְסֻף, *ਅਸਪਸੁਪ)* ਕੁਝ ਗੈਰ-ਇਸਰਾਏਲੀ ਲੋਕ ਸਨ। ਉਹ "ਮਿਲੀ ਜੁਲੀ ਭੀੜ" ਦਾ ਹਿੱਸਾ ਸਨ (ਕੂਚ 12:38; ਵੇਖੋ ਲੇਵੀਆਂ 24:10) ਜਿਹੜੀ ਮਿਸਰ ਨੂੰ ਛੱਡ ਕੇ ਇਸਰਾਏਲੀਆਂ ਨਾਲ ਗਈ ਸੀ। ਇਨ੍ਹਾਂ ਲੋਕਾਂ ਨੇ ਆਖਿਆ ਕਿ ਉਹ ਮੰਨ ਖਾ ਖਾ ਕੇ ਅੱਕ ਚੁੱਕੇ ਸਨ ਅਤੇ **ਮਾਸ ਖਾਣਾ** ਚਾਹੁੰਦੇ ਸਨ।

**ਆਇਤ 5.** ਰਲੀ ਮਿਲੀ ਭੀੜ ਨੇ ਦਾਅਵਾ ਕੀਤਾ ਸੀ ਕਿ ਉਨ੍ਹਾਂ ਨੇ ਮਿਸਰ ਵਿਚ ਮਸਾਲੇਦਾਰ ਅਤੇ ਵੱਖ-ਵੱਖ ਤਰ੍ਹਾਂ ਦੇ ਭੋਜਨ ਦਾ ਅਨੰਦ ਮਾਣਿਆ ਸੀ ਜਿਵੇਂ ਕਿ **ਮੱਛੀਆਂ … ਖੀਰੇ, ਖ਼ਰਬੂਜੇ, ਗੰਦਨੇ, ਪਿਆਜ਼ ਅਰ ਲਸਣ**। ਮੱਛੀਆਂ ਨੀਲ ਨਦੀ ਵਿੱਚੋਂ ਫੜੀਆਂ ਗਈਆਂ ਹੋਣਗੀਆਂ ਅਤੇ ਸਬਜੀਆਂ ਇਸ ਨਦੀ ਦੇ ਕਿਨਾਰਿਆਂ ਤੇ ਉਗਾਈਆਂ ਗਈਆਂ ਹੋਣਗੀਆਂ। ਰਲੀ ਮਿਲੀ ਭੀੜ ਨੇ "ਪੁਰਾਣੇ ਦਿਨਾਂ" ਨੂੰ ਚੰਗੇ ਦਿਨਾਂ ਦੇ ਰੂਪ ਵਿਚ ਚੇਤੇ ਕੀਤਾ ਅਤੇ ਦਾਅਵਾ ਕੀਤਾ ਕਿ ਉਹ ਇਹ ਭੋਜਨ **ਮਿਸਰ ਵਿੱਚ ਮੁਫ਼ਤ** ਖਾਂਦੇ ਸਨ। ਪਰ ਉਹ ਗੁਲਾਮੀ ਦੇ ਘਿਣਾਉਣੇ ਮੁੱਲ ਨੂੰ ਭੁੱਲ ਚੁੱਕੇ ਸਨ ਜੋ ਉਨ੍ਹਾਂ ਨੇ ਅਦਾ ਕੀਤਾ ਸੀ।

**ਆਇਤ 6.** ਰੋਜ਼ਾਨਾ ਮੰਨ ਦਾ ਭੋਜਨ ਮਿਲਣ ਦੇ ਕਾਰਣ, ਉਨ੍ਹਾਂ ਦੀ **ਜਾਨ ਸੁੱਕ ਗਈ** ਸੀ। ਹੁਣ ਉਨ੍ਹਾਂ ਨੇ ਪਰਮੇਸ਼ੁਰ ਦੇ ਚਮਤਕਾਰੀ ਅਤੇ ਨਿਰੰਤਰ ਪ੍ਰਬੰਧ ਨੂੰ ਤੁੱਛ ਜਾਣਿਆ ਸੀ। ਲੋਕ ਹੁਣ ਉਸ ਬਰਕਤ ਤੋਂ ਅੱਕ ਚੁੱਕੇ ਸਨ ਜਿਸ ਨੇ ਇਕ ਸਮੇਂ ਉਨ੍ਹਾਂ ਦੀ ਉਤਸੁਕਤਾ ਨੂੰ ਜਗਾਇਆ ਸੀ (ਕੂਚ 16:13-15, 31)। "ਮੰਨ" ਸ਼ਬਦ ਇਸਰਾਏਲੀਆਂ ਦੇ ਸਵਾਲ "ਇਹ ਕੀ ਹੈ" ਤੋਂ ਆਉਂਦਾ ਹੈ।

**ਆਇਤਾਂ 7-9.** ਵਿਰਤਾਂਤ ਮੰਨ ਦੇ ਵਰਣਨ ਨਾਲ ਖਤਮ ਹੁੰਦਾ ਹੈ: **ਉਹ ਮੰਨ ਧਨੀਏ ਵਰਗਾ ਸੀ ਅਤੇ ਮੋਤੀ ਵਾਂਙੁ ਦਿੱਸਦਾ ਸੀ … ਅਤੇ ਉਹ ਦਾ ਸੁਆਦ ਤੇਲ ਵਿੱਚ ਤਲੀਆਂ ਹੋਈਆਂ ਪੂੜੀਆਂ ਵਰਗਾ ਸੀ** (ਵੇਖੋ ਕੂਚ 16:31)। "ਧਨੀਆ" ਇਕਬਰਸੀ ਬੂਟੀ ਸੀ ਜਿਸ ਦੇ ਬੀਜ ਚਟਨੀ ਦੇ ਤੌਰ ਤੇ ਵਰਤੇ ਜਾਂਦੇ ਸਨ, ਖਸਖਸ ਜਾਂ ਤਿੱਲ ਦੇ ਬੀਜਾਂ ਦੀ ਤਰ੍ਹਾਂ। "ਮੋਤੀ" ਸ਼ਾਇਦ ਗੂੰਦ ਵਰਗੀ ਰਾਲ ਸੀ ਜਿਹੜੀ ਮੋਤੀ ਜਾਂ ਪੱਥਰ ਦੇ ਸਮਾਨ ਸੀ।

ਪਰਮੇਸ਼ੁਰ ਰੋਜ਼ਾਨਾ ਮੰਨ ਦਿੰਦਾ ਸੀ, ਅਰਥਾਤ, ਹਫ਼ਤੇ ਵਿਚ ਛੇ ਦਿਨ। ਇਸਰਾਏਲੀਆਂ ਨੇ ਸਬਤ ਤੋਂ ਇਕ ਦਿਨ ਪਹਿਲਾਂ ਜਿੰਨਾ ਜ਼ਿਆਦਾ ਹੋ ਸਕੇ ਮੰਨ ਇਕੱਠਾ ਕਰਨਾ ਹੁੰਦਾ ਸੀ, ਕਿਉਂਕਿ ਸਤਵੇਂ ਦਿਨ ਕੋਈ ਮੰਨ ਨਹੀਂ ਸੀ ਦਿੱਤਾ ਜਾਂਦਾ (ਕੂਚ 16:22-26)। **ਜਦ ਰਾਤ ਨੂੰ ਡੇਰੇ ਉੱਤੇ ਤਰੇਲ ਪੈਂਦੀ ਸੀ ਤਾਂ ਮੰਨ ਉਸ ਉੱਤੇ ਉਤਰਦਾ ਸੀ।** ਅਗਲੀ ਸਵੇਰ ਨੂੰ, **ਲੋਕ ਜਾ ਕੇ ਉਹ ਨੂੰ**

**ਇਕੱਠਾ ਕਰ ਲੈਂਦੇ ਸਨ।** ਮੰਨ ਨੂੰ ਖਾਣ ਦੇ ਲਈ ਤਿਆਰ ਕਰਨ ਵਾਸਤੇ, ਉਹ **ਉਹ ਨੂੰ ਚੱਕੀਆਂ ਵਿੱਚ ਪੀਂਹਦੇ ਅਥਵਾ ਉੱਖਲੀ ਵਿੱਚ ਕੁੱਟਦੇ ਸਨ, ਫੇਰ ਉਹ ਨੂੰ ਤਵੀਆਂ ਵਿੱਚ ਤਲ ਕੇ ਉਹ ਦੇ ਫੁਲਕੇ ਬਣਾ ਲੈਂਦੇ ਸਨ।**

ਜੇਕਰ ਉਨ੍ਹਾਂ ਦਾ ਭੋਜਨ ਬਾਰੇ ਬੁੜ ਬੁੜਾਉਣਾ ਪਰਿਚਿਤ ਜਾਪਦਾ ਹੈ, ਇਸ ਇਸ ਲਈ ਹੈ ਕਿਉਂਕਿ ਇਸਰਾਏਲੀਆਂ ਨੇ ਅਜਿਹਾ ਬਹੁਤ ਕੁਝ ਪਹਿਲਾਂ ਵੀ ਕੀਤਾ ਸੀ। ਉਨ੍ਹਾਂ ਨੇ ਅੱਗੇ ਜਾ ਕੇ ਫੇਰ ਇਸੇ ਤਰ੍ਹਾਂ ਕੀਤਾ ਸੀ। ਗਿਣਤੀ 21:4, 5 ਵਿਚ, ਇਸਰਾਏਲੀ ਫੇਰ ਪਾਣੀ ਅਤੇ ਭੋਜਨ ਦੇ ਬਾਰੇ ਬੁੜਬੁੜਾਏ। ਲਾਲ ਸਮੁੰਦਰ ਪਾਰ ਕਰਨ ਮਗਰੋਂ, ਉਹ ਉਨ੍ਹਾਂ ਦੇ ਭੋਜਨ ਦੇ ਬਾਰੇ ਬੁੜਬੁੜਾਏ ਸਨ ਅਤੇ ਉਨ੍ਹਾਂ ਨੇ ਆਪਣੀ ਹਾਲਤ ਦੀ ਤੁਲਨਾ ਉਸ ਹਾਲਤ ਨਾਲ ਕੀਤੀ ਜੋ ਉਨ੍ਹਾਂ ਦੀ ਮਿਸਰ ਵਿਚ ਹੁੰਦੀ ਸੀ। ਫਿਰ ਪਰਮੇਸ਼ੁਰ ਨੇ ਉਨ੍ਹਾਂ ਨੂੰ ਮੰਨ ਦਿੱਤਾ ਸੀ ਜੋ ਉਨ੍ਹਾਂ ਨੇ ਆਪਣੇ ਬਾਕੀ ਦੇ ਪੂਰੇ ਸਫ਼ਰ ਦੌਰਾਨ ਖਾਧਾ ਸੀ। ਇਸ ਘਟਨਾ ਦੇ ਬਾਰੇ ਕੂਚ 16 ਵਿਚ ਲਿਖਿਆ ਗਿਆ ਹੈ, ਉਹੀ ਅਧਿਆਇ ਜੋ ਦੱਸਦਾ ਹੈ ਕਿ ਕਿਵੇਂ ਯਹੋਵਾਹ ਨੇ ਲੋਕਾਂ ਦੇ ਲਈ ਬਟੇਰੇ ਦਿੱਤੇ। ਕੂਚ 16 ਅਤੇ ਗਿਣਤੀ 11 ਵਿਚ ਵਰਣਨ ਕੀਤੀਆਂ ਗਈਆਂ ਘਟਨਾਵਾਂ ਵਿਚਕਾਰ ਸਮਾਨਤਾਵਾਂ ਇਹ ਸਾਬਤ ਨਹੀਂ ਕਰਦੀਆਂ ਕਿ ਇਹ ਇੱਕੋ ਘਟਨਾ ਦੇ ਦੋ ਵੱਖ-ਵੱਖ ਵਿਰਤਾਂਤ (ਵੱਖਰੇ ਸਾਹਿਤਕ ਸ੍ਰੋਤਾਂ ਵਿੱਚੋਂ) ਹਨ। ਬਲਕਿ, ਉਹ ਪਾਪ ਦੇ ਪ੍ਰਤੀ ਇਸਰਾਏਲੀਆਂ ਦੀ ਪ੍ਰਵਿਰਤੀ ਨੂੰ ਵਿਖਾਉਂਦੇ ਹਨ - ਬਾਰ-ਬਾਰ ਇੱਕੋ ਤਰੀਕੇ ਨਾਲ - ਇਸ ਲਈ ਉਸ ਦੇ ਲੋਕਾਂ ਦੇ ਪ੍ਰਤੀ ਉਸ ਦਾ ਕ੍ਰੋਧ ਅਤੇ ਆਖ਼ਰੀ ਸਜ਼ਾ ਸਾਫ਼ ਜਾਹਿਰ ਹੈ।

## ਮੂਸਾ ਦਾ ਜਵਾਬ (11:10-15)

**10ਮੂਸਾ ਨੇ ਪਰਜਾ ਵਿੱਚੋਂ ਹਰ ਮਨੁੱਖ ਨੂੰ ਆਪਣੇ ਟੱਬਰ ਨਾਲ ਆਪੋ ਆਪਣੇ ਤੰਬੂ ਦੇ ਦਰਵੱਜੇ ਵਿੱਚ ਰੋਂਦੇ ਸੁਣਿਆ। ਤਾਂ ਯਹੋਵਾਹ ਦਾ ਕ੍ਰੋਧ ਡਾਢਾ ਭੜਕਿਆ ਅਤੇ ਮੂਸਾ ਦੀ ਨਿਗਾਹ ਵਿੱਚ ਵੀ ਏਹ ਇੱਕ ਬੁਰਿਆਈ ਸੀ। 11ਉਪਰੰਤ ਮੂਸਾ ਨੇ ਯਹੋਵਾਹ ਨੂੰ ਆਖਿਆ, ਤੈਂ ਕਿਉਂ ਆਪਣੇ ਦਾਸ ਨਾਲ ਬੁਰਿਆਈ ਕੀਤੀ? ਤੇਰੀ ਕਿਰਪਾ ਦੀ ਨਿਗਾਹ ਮੇਰੇ ਉੱਤੇ ਕਿਉਂ ਨਹੀਂ ਰਹੀ ਜੋ ਏਸ ਸਾਰੀ ਪਰਜਾ ਦਾ ਭਾਰ ਮੇਰੇ ਉੱਤੇ ਪਾਉਂਦਾ ਹੈਂ? 12ਕੀ ਮੈਂ ਹੀ ਏਸ ਪਰਜਾ ਨੂੰ ਗਰਭ ਵਿੱਚ ਲਿਆ ਅਤੇ ਮੈਂ ਹੀ ਉਹ ਨੂੰ ਜਣਿਆ ਜੋ ਤੂੰ ਮੈਨੂੰ ਕਹਿੰਦਾ ਹੈ ਕਿ ਉਨ੍ਹਾਂ ਨੂੰ ਆਪਣੀ ਛਾਤੀ ਉੱਤੇ ਚੁੱਕ ਕੇ ਜਿਵੇਂ ਪਿਤਾ ਦੁੱਧ ਪੀਂਦੇ ਬਾਲ ਨੂੰ ਚੁੱਕੀ ਫਿਰਦਾ ਹੈ ਉਸ ਜਮੀਨ ਨੂੰ ਲੈ ਜਾਹ ਜਿਹ ਦੇ ਦੇਣ ਦੀ ਸੌਂਹ ਤੈਂ ਉਨ੍ਹਾਂ ਦੇ ਪਿਉ ਦਾਦਿਆਂ ਨਾਲ ਖਾਧੀ ਹੈ? 13ਕਿੱਥੋਂ ਮੇਰੇ ਕੋਲ ਮਾਸ ਆਇਆ ਕਿ ਮੈਂ ਏਸ ਸਾਰੀ ਪਰਜਾ ਨੂੰ ਦੇਵਾਂ ਕਿਉਂ ਜੋ ਓਹ ਏਹ ਆਖ ਕੇ ਮੇਰੇ ਅੱਗੇ ਰੋਂਦੇ ਹਨ ਭਈ ਸਾਨੂੰ ਮਾਸ ਦੇਹ ਤਾਂ ਜੋ ਅਸੀਂ ਖਾਈਏ। 14ਮੈਂ ਇਕੱਲਾ ਏਸ ਸਾਰੀ ਪਰਜਾ ਨੂੰ ਨਹੀਂ ਸਾਂਭ ਸੱਕਦਾ ਕਿਉਂ ਜੋ ਏਹ ਮੇਰੇ ਲਈ ਇੱਕ ਵਧੀਕ ਭਾਰ ਹੈ। 15ਜੇ ਤੈਂ ਐਉਂ ਹੀ ਮੇਰੇ ਨਾਲ ਕਰਨਾ ਹੈ, ਜੇ ਤੇਰੀ ਕਿਰਪਾ ਦੀ ਨਿਗਾਹ ਮੇਰੇ ਉੱਤੇ ਹੈ ਤਾਂ ਮੈਨੂੰ ਮਾਰ ਸੁੱਟ ਭਈ ਮੈਂ ਆਪਣੀ ਖੁਆਰੀ ਨਾ ਵੇਖਾਂ।**

**ਆਇਤ 10.** ਅੱਗ ਤੋਂ ਡਰਦੇ ਮਾਰਿਆਂ (11:1) ਲੋਕਾਂ ਨੇ ਮੂਸਾ ਦੇ ਅੱਗੇ ਅਪੀਲ ਕੀਤੀ ਅਤੇ ਉਸ ਨੇ ਉਨ੍ਹਾਂ ਦੇ ਲਈ ਪਰਮੇਸ਼ੁਰ ਦੇ ਅੱਗੇ ਸਿਫ਼ਾਰਸ਼ ਕੀਤੀ। ਪਰ, ਹੁਣ, ਬੁੜਬੁੜਾਉਣਾ ਫੈਲ ਗਿਆ ਅਤੇ ਤਦ ਤੱਕ ਤੀਬਰਤਾ ਵਿਚ ਵਧਦਾ ਗਿਆ ਜਦੋਂ ਤੱਕ ਉੱਥੇ **ਉਨ੍ਹਾਂ ਦੇ ਟੱਬਰ ਵਿਚ ਹਰ ਮਨੁੱਖ ਦੇ ਆਪੋ ਆਪਣੇ ਤੰਬੂ ਦੇ ਦਰਵੱਜੇ ਵਿੱਚ ਰੋਣਾ** ਸੀ। ਇਸ ਮੌਕੇ ਤੇ ਮੂਸਾ ਦਾ ਪਹਿਲਾਂ ਤਾਂ ਇਹ ਇਰਾਦਾ ਸੀ ਕਿ ਉਹ ਪਰਮੇਸ਼ੁਰ ਦੇ ਅੱਗੇ ਉਨ੍ਹਾਂ ਦੇ ਲਈ ਸਿਫ਼ਾਰਸ਼ ਨਾ ਕਰੇ। ਮੂਲ ਲਿਖਤ ਆਖਦੀ ਹੈ ਕਿ **ਯਹੋਵਾਹ ਦਾ ਕ੍ਰੋਧ ਡਾਢਾ ਭੜਕਿਆ** ਅਤੇ ਲੋਕਾਂ ਦਾ ਬੁੜਬੁੜਾਉਣਾ **ਮੂਸਾ ਦੀ**

**ਨਿਗਾਹ ਵਿੱਚ ਵੀ ਇੱਕ ਬੁਰਿਆਈ ਸੀ।**

**ਆਇਤ 11.** ਮੂਸਾ ਪਰਮੇਸ਼ੁਰ ਦੀ ਵੱਲ ਮੁੜਿਆ - **ਪਰਜਾ** ਦੇ ਲਈ ਪ੍ਰਾਰਥਨਾ ਕਰਨ ਵਾਸਤੇ ਨਹੀਂ, ਪਰ ਪਰਮੇਸ਼ੁਰ ਨੂੰ ਇਹ ਦੱਸਣ ਦੇ ਲਈ ਕਿ ਉਹ ਉਸ ਦੇ ਲਈ ਇਕ **ਭਾਰ** ਸਨ। ਉਹ ਇਹ ਨਹੀਂ ਸੀ ਸਮਝਿਆ ਕਿ ਪਰਮੇਸ਼ੁਰ ਨੇ ਉਸ ਨੂੰ ਇਸਰਾਏਲੀਆਂ ਦਾ ਆਗੂ ਹੋਣ ਦੇ ਲਈ ਕਿਉਂ ਚੁਣਿਆ ਸੀ - ਇਕ ਅਜਿਹਾ ਕੰਮ ਜੋ ਉਹ ਪਹਿਲਾਂ ਤਾਂ ਕਰਨਾ ਹੀ ਨਹੀਂ ਸੀ ਚਾਹੁੰਦਾ (ਕੂਚ 3:11; 4:10, 13)।

**ਆਇਤ 12.** ਮੂਸਾ ਨੇ ਪਰਮੇਸ਼ੁਰ ਨੂੰ ਆਖਿਆ ਕਿ ਮੈਂ ਉਨ੍ਹਾਂ ਦੇ ਲਈ ਜ਼ਿੰਮੇਵਾਰ ਕਿਉਂ ਹੋਵਾਂ। ਆਖ਼ਰਕਾਰ, ਮੈਂ ਉਨ੍ਹਾਂ ਨੂੰ **ਗਰਭ ਵਿੱਚ** ਨਹੀਂ **ਸੀ ਲਿਆ** ਜਾਂ ਉਨ੍ਹਾਂ ਨੂੰ ਨਹੀਂ ਸੀ ਜਣਿਆ, ਜਿਵੇਂ ਇਕ ਔਰਤ ਬੱਚਿਆਂ ਨੂੰ ਗਰਭ ਵਿਚ ਲੈਂਦੀ ਅਤੇ ਜਨਮ ਦਿੰਦੀ ਹੈ। ਇਸ ਤੋਂ ਇਲਾਵਾ, ਉਸ ਨੇ ਪਰਮੇਸ਼ੁਰ ਨੂੰ ਆਖਿਆ ਕਿ **ਮੈਂ ਉਨ੍ਹਾਂ ਨੂੰ** [ਆਪਣੀ] **ਛਾਤੀ ਉੱਤੇ ਚੁੱਕ ਕੇ ਕਿਉਂ ਲਈ ਫਿਰਾਂ ਜਿਵੇਂ ਪਿਤਾ ਪਿਤਾ ਦੁੱਧ ਪੀਂਦੇ ਬਾਲ ਨੂੰ ਚੁੱਕੀ ਫਿਰਦਾ ਹੈ।** ਇਬਰਾਨੀ ਔਰਤਾਂ ਅਕਸਰ ਉਨ੍ਹਾਂ ਦੇ ਆਪਣੇ ਬੱਚਿਆਂ ਨੂੰ ਆਪ ਦੁੱਧ ਪਿਲਾਉਂਦੀਆਂ ਸਨ, ਪਰ ਕਈ ਵਾਰ ਦੁੱਧ ਪਿਲਾਉਣ ਵਾਲੀਆਂ ਦਾਈਆਂ ਨੂੰ ਕਿਰਾਏ ਤੇ ਲੈਂਦੀਆਂ ਸਨ। ਇੱਥੇ ਜੋ ਰੂਪਕ ਵਰਤਿਆ ਗਿਆ ਹੈ ਉਹ ਲਗਾਤਾਰ ਦੇਖਭਾਲ, ਪਾਲਣ-ਪੋਸ਼ਣ ਅਤੇ ਪ੍ਰਬੰਧ ਦੇ ਵਿਚਾਰਾਂ ਨੂੰ ਪੇਸ਼ ਕਰਦਾ ਹੈ (ਵੇਖੋ 1 ਥੱਸਲੁਨੀਕੀਆਂ 2:7)।

**ਆਇਤ 13.** ਨਿਰਾਸ਼ਾ ਅਤੇ ਮਾਯੂਸੀ ਵਿਚ, ਮੂਸਾ ਨੇ ਆਖਿਆ, **ਕਿੱਥੋਂ ਮੇਰੇ ਕੋਲ ਮਾਸ ਆਇਆ ਕਿ ਮੈਂ ਏਸ ਸਾਰੀ ਪਰਜਾ ਨੂੰ ਦੇਵਾਂ ਕਿਉਂ ਜੋ ਓਹ ਏਹ ਆਖ ਕੇ ਮੇਰੇ ਅੱਗੇ ਰੋਂਦੇ ਹਨ ਭਈ ਸਾਨੂੰ ਮਾਸ ਦੇਹ ਤਾਂ ਜੋ ਅਸੀਂ ਖਾਈਏ।** ਉਹ ਇਹ ਕਹਿ ਰਿਹਾ ਸੀ ਕਿ ਪਰਮੇਸ਼ੁਰ ਨੇ ਉਸ ਨੂੰ ਉਹ ਕੰਮ ਦਿੱਤਾ ਸੀ ਜਿਹੜਾ ਉਸ ਦੇ ਕਰਨ ਲਈ ਬਹੁਤ ਔਖਾ ਸੀ ਅਤੇ ਇਹ ਕਿ ਲੋਕਾਂ ਦੀਆਂ ਮੰਗਾਂ ਬਹੁਤ ਵੱਡੀਆਂ ਸਨ ਜਿਨ੍ਹਾਂ ਨੂੰ ਉਹ ਪੂਰਾ ਨਹੀਂ ਸੀ ਕਰ ਸਕਦਾ।

**ਆਇਤ 14.** ਆਪਣੇ ਆਪ ਵਿਚ ਇਕੱਲਾ ਮਹਿਸੂਸ ਕਰਦਿਆਂ, ਜਿਵੇਂ ਕਿ ਪਰਮੇਸ਼ੁਰ ਉਸ ਦਾ ਸਮਰਥਨ ਨਾ ਕਰ ਰਿਹਾ ਹੋਵੇ, ਮੂਸਾ ਨੇ ਆਖਿਆ, **ਮੈਂ ਇਕੱਲਾ ਏਸ ਸਾਰੀ ਪਰਜਾ ਨੂੰ ਨਹੀਂ ਸਾਂਭ ਸੱਕਦਾ ਕਿਉਂ ਜੋ ਏਹ ਮੇਰੇ ਲਈ ਇੱਕ ਵਧੀਕ ਭਾਰ ਹੈ।** "ਸਾਂਭ" (נָשָׂא, *ਨਾਸਾ)* ਸ਼ਬਦ ਆਇਤ 12 ਵਿਚ ਪਾਲਣ ਪੋਸ਼ਣ ਕਰਨ ਵਾਲੇ ਰੂਪਕ ਵਿੱਚੋਂ ਦੁਹਰਾਇਆ ਗਿਆ ਹੈ ਅਤੇ "ਭਾਰ" ਆਇਤ 11 ਦੇ ਵਿਚਾਰ ਨੂੰ ਦੁਹਰਾਉਂਦਾ ਹੈ।

**ਆਇਤ 15.** ਮੂਸਾ ਨੇ ਆਪਣੇ ਵਿਰੋਧ ਨੂੰ ਇਹ ਕਹਿਣ ਦੁਆਰਾ ਖਤਮ ਕੀਤਾ ਕਿ ਉਹ ਲਗਾਤਾਰ ਅਗਵਾਈ ਕਰਨ ਦੇ ਭਾਰ ਨੂੰ ਚੁੱਕਣ ਦੀ ਬਜਾਇ ਮਰਨਾ ਪਸੰਦ ਕਰੇਗਾ। ਦਰਅਸਲ, ਉਸ ਨੇ ਪਰਮੇਸ਼ੁਰ ਨੂੰ ਤੁਰੰਤ ਉਸ ਨੂੰ **ਮਾਰ ਸੁੱਟਣ** ਦੇ ਲਈ ਆਖਿਆ।

ਸ਼ਾਇਦ ਮੂਸਾ ਦਾ ਗੁੱਸਾ ਹੈਰਾਨ ਕਰਨ ਵਾਲਾ ਨਹੀਂ ਹੋਣਾ ਚਾਹੀਦਾ ਹੈ। ਪੁਰਾਣੇ ਨੇਮ ਵਿਚ ਪਰਮੇਸ਼ੁਰ ਦੇ ਹੋਰ ਮਹਾਨ ਦਾਸ ਜਿਹੜੇ ਕਿਸੇ ਨਾ ਕਿਸੇ ਗੱਲ ਕਰਕੇ ਨਿਰਾਸ਼ ਹੋ ਗਏ ਸਨ ਉਨ੍ਹਾਂ ਨੇ ਵੀ ਇਹੋ ਜਿਹੀਆਂ ਭਾਵਨਾਵਾਂ ਪਰਗਟ ਕੀਤੀਆਂ ਸਨ - ਜਿਵੇਂ ਕਿ ਅੱਯੂਬ (ਅੱਯੂਬ 3), ਯੂਨਾਹ (ਯੂਨਾਹ 4:3), ਏਲੀਯਾਹ (1 ਰਾਜਿਆਂ 19:4) ਅਤੇ ਯਿਰਮਿਯਾਹ (ਯਿਰਮਿਯਾਹ 20:14-18)। ਹਾਲਾਂਕਿ ਕਈਆਂ ਦਾ ਮੰਨਣਾ ਹੈ ਕਿ ਮੂਸਾ ਨੇ ਇਸ ਤਰ੍ਹਾਂ ਕਰਕੇ ਪਾਪ ਕੀਤਾ ਸੀ,[2] ਇਹ ਅਸੰਭਵ ਹੈ ਕਿ ਪਰਮੇਸ਼ੁਰ ਨਿਰਾਸ਼ਾ - ਕੜੇ ਸ਼ਬਦਾਂ ਵਿਚ ਵਿਅਕਤ ਕੀਤੀ ਜਾਣ ਵਾਲੀ ਨਿਰਾਸ਼ਾ - ਨੂੰ ਪਾਪ ਗਿਣਦਾ ਹੈ। ਭਾਵੇਂ ਜੋ ਮਰਜ਼ੀ ਸੀ, ਪਰਮੇਸ਼ੁਰ ਨੇ ਇਸ ਸਮੇਂ ਮੂਸਾ ਨੂੰ ਨਹੀਂ ਸੀ ਝਿੜਕਿਆ।

## ਪਰਮੇਸ਼ੁਰ ਦਾ ਜਵਾਬ: ਭੋਜਨ ਦਾ ਵਾਅਦਾ ਅਤੇ ਆਤਮਾ ਦਾ ਵੰਡਣਾ (11:16-23)

**[16]ਯਹੋਵਾਹ ਨੇ ਮੂਸਾ ਨੂੰ ਆਖਿਆ, ਮੇਰੇ ਲਈ ਇਸਰਾਏਲ ਦੇ ਬਜ਼ੁਰਗਾਂ ਵਿੱਚੋਂ ਸੱਤ੍ਰ ਮਨੁੱਖ ਇਕੱਠੇ ਕਰ ਜਿਨ੍ਹਾਂ ਨੂੰ ਤੂੰ ਜਾਣਦਾ ਹੈਂ ਕਿ ਓਹ ਪਰਜਾ ਦੇ ਬਜ਼ੁਰਗ ਅਤੇ ਹੁੱਦੇਦਾਰ ਹਨ। ਫੇਰ ਉਨ੍ਹਾਂ ਨੂੰ ਮੰਡਲੀ ਦੇ ਤੰਬੂ ਕੋਲ ਲਿਆ ਕਿ ਓਹ ਉੱਥੇ ਤੇਰੇ ਨਾਲ ਖਲੋ ਜਾਣ [17]ਅਤੇ ਮੈਂ ਉਤਰ ਕੇ ਉੱਥੇ ਤੇਰੇ ਨਾਲ ਗੱਲਾਂ ਕਰਾਂਗਾ ਅਤੇ ਮੈਂ ਉਸ ਆਤਮਾ ਤੋਂ ਲੈ ਕੇ ਜਿਹੜਾ ਤੇਰੇ ਉੱਤੇ ਹੈ ਉਨ੍ਹਾਂ ਉੱਤੇ ਪਾਵਾਂਗਾ ਅਤੇ ਓਹ ਤੇਰੇ ਨਾਲ ਪਰਜਾ ਦਾ ਭਾਰ ਚੁੱਕਣਗੇ ਤਾਂ ਜੋ ਤੈਨੂੰ ਇਕੱਲੇ ਨੂੰ ਚੁੱਕਣਾ ਨਾ ਪਵੇ। [18]ਅਤੇ ਪਰਜਾ ਨੂੰ ਆਖ ਕਿ ਕੱਲ ਲਈ ਆਪਣੇ ਆਪ ਨੂੰ ਪਵਿੱਤ੍ਰ ਕਰੋ ਫੇਰ ਤੁਸੀਂ ਮਾਸ ਖਾਓਗੇ ਕਿਉਂ ਜੋ ਤੁਸੀਂ ਯਹੋਵਾਹ ਦੇ ਸੁਣਨ ਵਿੱਚ ਏਹ ਆਖ ਕੇ ਰੋਂਦੇ ਸਾਓ ਕਿ ਕੌਣ ਸਾਨੂੰ ਮਾਸ ਖਵਾਵੇਗਾ ਕਿਉਂ ਜੋ ਅਸੀਂ ਮਿਸਰ ਵਿੱਚ ਸੁਖਾਲੇ ਸਾਂ? ਏਸ ਲਈ ਯਹੋਵਾਹ ਤੁਹਾਨੂੰ ਮਾਸ ਦੇਵੇਗਾ ਅਤੇ ਤੁਸੀਂ ਖਾਓਗੇ। [19]ਨਾ ਇੱਕ ਦਿਨ, ਨਾ ਦੋ ਦਿਨ, ਨਾ ਪੰਜ ਦਿਨ, ਨਾ ਦਸ ਦਿਨ, ਨਾ ਵੀਹ ਦਿਨ ਤੁਸੀਂ ਖਾਓਗੇ [20]ਸਗੋਂ ਪੂਰਾ ਮਹੀਨਾ ਜਦ ਤੀਕ ਉਹ ਤੁਹਾਡੀਆਂ ਨਾਸਾਂ ਦੇ ਵਿੱਚੋਂ ਦੀ ਨਾ ਨਿੱਕਲੇ ਅਤੇ ਉਹ ਤੁਹਾਡੇ ਲਈ ਘਿਣਾਉਣਾ ਨਾ ਹੋਵੇ ਕਿਉਂ ਜੋ ਤੁਸਾਂ ਯਹੋਵਾਹ ਨੂੰ ਜਿਹੜਾ ਤੁਹਾਡੇ ਵਿੱਚ ਹੈ ਤਿਆਗ ਦਿੱਤਾ ਹੈ ਅਤੇ ਤੁਸੀਂ ਉਹ ਦੇ ਅੱਗੇ ਇਕ ਆਖ ਕੇ ਰੋਂਦੇ ਸਾਓ ਭਈ ਅਸੀਂ ਮਿਸਰੋਂ ਕਾਹਨੂੰ ਨਿੱਕਲੇ? [21]ਤਾਂ ਮੂਸਾ ਨੇ ਆਖਿਆ ਕਿ ਏਹ ਪਰਜਾ ਜਿਹ ਦੇ ਵਿੱਚ ਮੈਂ ਹਾਂ ਛੇ ਲੱਖ ਪਿਆਦੇ ਹਨ ਅਤੇ ਤੂੰ ਮੈਨੂੰ ਆਖਦਾ ਹੈਂ ਕਿ ਮੈਂ ਉਨ੍ਹਾਂ ਨੂੰ ਮਾਸ ਦਿਆਂਗਾ ਅਤੇ ਓਹ ਪੂਰਾ ਮਹੀਨਾ ਖਾਣਗੇ! [22]ਭਲਾ, ਇੱਜੜ ਅਤੇ ਵੱਗ ਉਨ੍ਹਾਂ ਲਈ ਮਾਰੇ ਜਾਣ ਕਿ ਉਨ੍ਹਾਂ ਲਈ ਬੱਸ ਹੋਣ? ਅਥਵਾ ਸਮੁੰਦਰ ਦੀਆਂ ਸਾਰੀਆਂ ਮੱਛੀਆਂ ਉਨ੍ਹਾਂ ਲਈ ਇਕੱਠੀਆਂ ਕੀਤੀਆਂ ਜਾਣ ਤਾਂ ਜੋ ਓਹ ਉਨ੍ਹਾਂ ਲਈ ਬੱਸ ਹੋਣ? [23]ਤਾਂ ਯਹੋਵਾਹ ਨੇ ਮੂਸਾ ਨੂੰ ਆਖਿਆ, ਕੀ ਯਹੋਵਾਹ ਦਾ ਹੱਥ ਛੋਟਾ ਹੋ ਗਿਆ ਹੈ? ਹੁਣ ਤੂੰ ਵੇਖੇਂਗਾ ਕਿ ਮੇਰੀ ਗੱਲ ਤੇਰੇ ਲਈ ਪੂਰੀ ਹੁੰਦੀ ਹੈ ਕਿ ਨਹੀਂ!**

**ਆਇਤਾਂ 16, 17.** ਪਰਮੇਸ਼ੁਰ ਨੇ ਮੂਸਾ ਦੀਆਂ ਦੋਵੇਂ ਚਿੰਤਾਵਾਂ ਦਾ ਜਵਾਬ ਦਿੱਤਾ ਸੀ। ਸਭ ਤੋਂ ਪਹਿਲਾਂ, ਮੂਸਾ ਨੇ ਇਹ ਵਿਚਾਰ ਵਿਅਕਤ ਕੀਤਾ ਸੀ ਕਿ ਲੋਕ ਉਸ ਦੇ ਲਈ ਬਹੁਤ ਵੱਡਾ ਭਾਰ ਸਨ; ਇਸ ਲਈ, ਪਰਮੇਸ਼ੁਰ ਨੇ ਮੂਸਾ ਦੇ ਲਈ ਸਹਾਇਕਾਂ ਦੇ ਰੂਪ ਵਿਚ **ਸੱਤ੍ਰ ਮਨੁੱਖ** ਦਿੱਤੇ ਸਨ। ਪਰਮੇਸ਼ੁਰ ਨੇ ਆਖਿਆ, **ਮੈਂ ਉਸ ਆਤਮਾ ਤੋਂ ਲੈ ਕੇ ਜਿਹੜਾ ਤੇਰੇ ਉੱਤੇ ਹੈ ਉਨ੍ਹਾਂ ਉੱਤੇ ਪਾਵਾਂਗਾ।** ਦੂਜੇ ਸ਼ਬਦਾਂ ਵਿਚ, ਉਸ ਨੇ **ਇਸਰਾਏਲ ਦੇ ਸੱਤ੍ਰ ਬਜ਼ੁਰਗਾਂ** ਨੂੰ ਉਹੀ ਆਤਮਾ ਦਿੱਤਾ ਸੀ ਜਿਸ ਨੇ ਮੂਸਾ ਨੂੰ ਕੌਮ ਦੀ ਅਗਵਾਈ ਕਰਨ ਦੇ ਯੋਗ ਬਣਾਇਆ ਸੀ। ਇਨ੍ਹਾਂ ਸੱਤ੍ਰ ਮਨੁੱਖਾਂ ਨੇ ਮੂਸਾ ਦੇ ਨਾਲ **ਪਰਜਾ ਦਾ ਭਾਰ ਚੁੱਕਣਾ** ਸੀ।

**ਆਇਤਾਂ 18-20.** ਇਸ ਤੋਂ ਇਲਾਵਾ, ਮੂਸਾ ਨੇ ਜ਼ੋਰ ਦੇ ਕੇ ਇਹ ਗੱਲ ਵੀ ਆਖੀ ਸੀ ਕਿ ਉਹ ਲੋਕਾਂ ਦੀ ਇੰਨੀ ਵੱਡੀ ਭੀੜ ਨੂੰ ਮਾਸ ਨਹੀਂ ਸੀ ਦੇ ਸਕਦਾ। ਪਰਮੇਸ਼ੁਰ ਨੇ ਇਹ ਕਹਿਣ ਦੁਆਰਾ ਜਵਾਬ ਦਿੱਤਾ ਸੀ ਕਿ ਉਹ ਬੁੜ ਬੁੜਾਉਣ ਵਾਲਿਆਂ ਦੇ ਲਈ ਮਾਸ ਦੇਵੇਗਾ ਜੋ ਸਿਰਫ ਕੁਝ **ਦਿਨਾਂ** ਦੇ ਲਈ ਕਾਫੀ ਨਹੀਂ ਹੋਵੇਗਾ ਸਗੋਂ **ਪੂਰੇ ਮਹੀਨੇ** ਦੇ ਲਈ ਕਾਫੀ ਹੋਵੇਗਾ। ਪਰਮੇਸ਼ੁਰ ਨੇ, ਮੂਸਾ ਦੇ ਰਾਹੀਂ, ਆਖਿਆ, **ਤੁਸੀਂ ਖਾਓਗੇ ... ਜਦ ਤੀਕ ਉਹ ਤੁਹਾਡੀਆਂ ਨਾਸਾਂ ਦੇ ਵਿੱਚੋਂ ਦੀ ਨਾ ਨਿੱਕਲੇ ਅਤੇ ਉਹ ਤੁਹਾਡੇ ਲਈ ਘਿਣਾਉਣਾ ਨਾ ਹੋਵੇ।** ਮਾਸ ਦੀ ਉਹ ਬਰਕਤ ਜੋ ਪਰਮੇਸ਼ੁਰ ਨੇ ਇਨ੍ਹਾਂ ਨਾਸ਼ੁਕਰੇ, ਅਸੰਤੁਸ਼ਟ ਲੋਕਾਂ ਨੂੰ ਦੇਣੀ ਸੀ ਉਸ ਦੇ ਨਾਲ ਇਕ ਸਰਾਪ ਜੁੜਿਆ ਹੋਇਆ ਸੀ।

**ਆਇਤਾਂ 21-23.** ਜਦੋਂ ਮੂਸਾ ਨੇ ਇਹ ਸਵਾਲ ਕੀਤਾ ਕਿ ਪਰਮੇਸ਼ੁਰ **ਛੇ ਲੱਖ** ਲੋਕਾਂ ਦੇ ਨਾਲ

ਇਹੋ ਜਿਹੇ ਵਾਅਦੇ ਨੂੰ ਕਿਵੇਂ ਪੂਰਾ ਕਰ ਸਕਦਾ ਸੀ, ਉਸ ਨੇ ਜਵਾਬ ਦਿੱਤਾ, **ਕੀ ਯਹੋਵਾਹ ਦਾ ਹੱਥ ਛੋਟਾ ਹੋ ਗਿਆ ਹੈ?** ਅਤੇ ਅੱਗੇ ਇਹ ਆਖਿਆ, **ਹੁਣ ਤੂੰ ਵੇਖੇਂਗਾ ਕਿ ਮੇਰੀ ਗੱਲ ਤੇਰੇ ਲਈ ਪੂਰੀ ਹੁੰਦੀ ਹੈ ਕਿ ਨਹੀਂ!** ਇਸ ਤਰ੍ਹਾਂ, ਪਰਮੇਸ਼ੁਰ ਨੇ ਇਸ ਗੱਲ ਦੀ ਗਰੰਟੀ ਦਿੱਤੀ ਸੀ ਕਿ ਉਸ ਦਾ ਵਾਅਦਾ ਜ਼ਰੂਰ ਪੂਰਾ ਹੋਵੇਗਾ।

## ਪਰਮੇਸ਼ੁਰ ਦਾ ਵਾਅਦਾ ਪੂਰਾ ਹੋਇਆ (11:24-32)

**[24]ਫੇਰ ਮੂਸਾ ਨੇ ਬਾਹਰ ਜਾ ਕੇ ਯਹੋਵਾਹ ਦੀਆਂ ਗੱਲਾਂ ਪਰਜਾ ਨੂੰ ਆਖ ਸੁਣਾਈਆਂ ਅਤੇ
ਉਹ ਨੇ ਸੱਤ੍ਰ ਮਨੁੱਖ ਜਿਹੜੇ ਪਰਜਾ ਦੇ ਬਜ਼ੁਰਗ ਸਨ ਇਕੱਠੇ ਕੀਤੇ ਅਤੇ ਓਹਨਾਂ ਨੂੰ ਤੰਬੂ ਦੇ
ਆਲੇ ਦੁਆਲੇ ਖੜਾ ਕੀਤਾ। [25]ਤਾਂ ਯਹੋਵਾਹ ਬੱਦਲ ਵਿੱਚ ਉਤਰਿਆ ਅਤੇ ਉਹ ਦੇ ਨਾਲ ਗੱਲ
ਕੀਤੀ। ਫੇਰ ਉਸ ਨੇ ਉਸ ਆਤਮਾ ਤੋਂ ਲੈਕੇ ਜਿਹੜਾ ਉਹ ਦੇ ਉੱਤੇ ਸੀ ਓਹਨਾਂ ਸੱਤ੍ਰ ਬਜ਼ੁਰਗ
ਮਨੁੱਖਾਂ ਉੱਤੇ ਪਾ ਦਿੱਤਾ ਅਤੇ ਐਉਂ ਹੋਇਆ ਕਿ ਜਦ ਆਤਮਾ ਓਹਨਾਂ ਉੱਤੇ ਉਤਰਿਆ ਤਾਂ ਓਹ
ਅਗੰਮ ਵਾਚਣ ਲੱਗ ਪਏ ਪਰ ਓਹਨਾਂ ਨੇ ਏਸ ਮਗਰੋਂ ਫੇਰ ਨਾ ਕੀਤਾ। [26]ਪਰ ਡੇਰੇ ਵਿੱਚ ਦੋ
ਮਨੁੱਖ ਰਹਿ ਗਏ, ਇੱਕ ਦਾ ਨਾਉਂ ਅਲਦਾਦ ਅਤੇ ਦੂਜੇ ਦਾ ਨਾਉਂ ਮੇਦਾਦ ਸੀ। ਆਤਮਾ ਉਨ੍ਹਾਂ
ਉੱਤੇ ਵੀ ਉਤਰਿਆ ਅਤੇ ਏਹ ਲਿਖਿਆਂ ਹੋਇਆਂ ਦੇ ਵਿੱਚ ਦੇ ਸਨ ਪਰ ਤੰਬੂ ਕੋਲ ਬਾਹਰ ਨਹੀਂ
ਸੀ ਗਏ। ਓਹ ਡੇਰੇ ਵਿੱਚ ਹੀ ਅਗੰਮ ਵਾਚਣ ਲੱਗੇ। [27]ਤਾਂ ਇੱਕ ਗੱਭਰੂ ਨੇ ਨੱਸ ਕੇ ਮੂਸਾ ਨੂੰ
ਦੱਸਿਆ ਅਤੇ ਆਖਿਆ ਕਿ ਅਲਦਾਦ ਅਤੇ ਮੇਦਾਦ ਡੇਰੇ ਵਿੱਚ ਅਗੰਮ ਵਾਚਦੇ ਹਨ! [28]ਤਾਂ ਨੂਨ
ਦੇ ਪੁੱਤ੍ਰ ਯਹੋਸ਼ੁਆ ਨੇ ਜਿਹੜਾ ਮੂਸਾ ਦਾ ਸੇਵਕ ਅਤੇ ਉਸ ਦੇ ਚੋਣਵਿਆਂ ਵਿੱਚੋਂ ਸੀ ਉੱਤਰ ਦਿੱਤਾ
ਕਿ ਹੇ ਮੂਸਾ ਮੇਰੇ ਸੁਆਮੀ ਜੀ, ਉਨ੍ਹਾਂ ਨੂੰ ਵਰਜ ਦਿਓ! [29]ਪਰ ਮੂਸਾ ਨੇ ਉਹ ਨੂੰ ਆਖਿਆ, ਕੀ ਤੂੰ
ਮੇਰੇ ਲਈ ਖਿਝਦਾ ਹੈਂ? ਕਾਸ਼ ਕਿ ਯਹੋਵਾਹ ਦੇ ਸਾਰੇ ਲੋਕ ਨਬੀ ਹੁੰਦੇ ਅਤੇ ਯਹੋਵਾਹ ਆਪਣਾ
ਆਤਮਾ ਉਨ੍ਹਾਂ ਉੱਤੇ ਪਾਉਂਦਾ! [30]ਉਪਰੰਤ ਮੂਸਾ ਅਤੇ ਇਸਰਾਏਲ ਦੇ ਬਜ਼ੁਰਗ ਡੇਰੇ ਨੂੰ ਮੁੜੇ।
[31]ਤਾਂ ਯਹੋਵਾਹ ਵੱਲੋਂ ਇੱਕ ਹਵਾ ਵਗੀ ਅਤੇ ਸਮੁੰਦਰੋਂ ਬਟੇਰੇ ਉਡਾ ਕੇ ਡੇਰੇ ਉੱਤੇ ਸੁੱਟ ਗਈ। ਓਹ
ਇੱਕ ਦਿਨ ਦੇ ਪੈਂਡੇ ਤੀਕ ਏਧਰ ਅਤੇ ਇੱਕ ਦਿਨ ਦੇ ਪੈਂਡੇ ਤੀਕ ਓਧਰ ਡੇਰੇ ਦੇ ਆਲੇ ਦੁਆਲੇ ਦੋ
ਦੋ ਹੱਥ ਤੇ ਜਮੀਨ ਦੀ ਪਰਤ ਉੱਤੇ ਸਨ। [32]ਤਾਂ ਪਰਜਾ ਨੇ ਉਸ ਸਾਰੇ ਦਿਨ ਅਤੇ ਸਾਰੀ ਰਾਤ
ਅਤੇ ਸਾਰੇ ਦੂਜੇ ਦਿਨ ਉੱਠ ਕੇ ਉਨ੍ਹਾਂ ਬਟੇਰਿਆਂ ਨੂੰ ਇਕੱਠਾ ਕੀਤਾ ਅਤੇ ਜਿਸ ਘੱਟੋ ਘੱਟ ਇਕੱਠੇ
ਕੀਤੇ ਸਨ ਉਹ ਦੇ ਦਸ ਹੋਮਾਰ ਹੋਏ ਅਤੇ ਉਨ੍ਹਾਂ ਨੇ ਓਹਨਾਂ ਨੂੰ ਆਪਣੇ ਲਈ ਡੇਰੇ ਦੇ ਆਲੇ
ਦੁਆਲੇ ਖਿਲਾਰ ਦਿੱਤਾ।**

**ਆਇਤਾਂ 24, 25.** ਮੂਸਾ ਨੇ ਪਰਮੇਸ਼ੁਰ ਦੇ ਵਾਅਦਿਆਂ ਨੂੰ ਪੂਰਾ ਕਰਨ ਦੇ ਲਈ ਕੰਮ ਕੀਤਾ। **ਯਹੋਵਾਹ ਦੀਆਂ ਗੱਲਾਂ ਪਰਜਾ** ਨੂੰ ਸੁਣਾਉਣ ਤੋਂ ਬਾਅਦ, ਉਸ ਨੇ ਉਨ੍ਹਾਂ ਨੂੰ ਪਹਿਲੇ ਵਾਅਦੇ ਦੇ ਪੂਰਾ ਹੋਣ ਦੇ ਲਈ ਇਕੱਠਾ ਕੀਤਾ। ਉਸ ਨੇ **ਸੱਤ੍ਰ ਮਨੁੱਖਾਂ** ਨੂੰ ਡੇਹਰੇ ਦੇ ਸਾਹਮਣੇ ਖੜਾ ਕੀਤਾ। ਪਰਮੇਸ਼ੁਰ ਨੇ ਉਨ੍ਹਾਂ ਉੱਤੇ **ਆਤਮਾ** ਘੱਲਿਆ ਅਤੇ **ਜਦ ਆਤਮਾ ਓਹਨਾਂ ਉੱਤੇ ਉਤਰਿਆ ਤਾਂ ਓਹ ਅਗੰਮ ਵਾਚਣ ਲੱਗੇ** (נָבָא, *ਨਾਬਾ*)। ਪਰ, ਓਹਨਾਂ ਨੇ ਏਸ ਦੇ ਮਗਰੋਂ ਫੇਰ ਨਾ ਕੀਤਾ। ਉਨ੍ਹਾਂ ਦੇ ਉੱਤੇ ਪਵਿੱਤਰ ਆਤਮਾ ਦਾ ਉਤਰਨਾ ਅਤੇ ਉਨ੍ਹਾਂ ਦਾ ਅਗੰਮ ਵਾਕ ਕਰਨਾ ਸਿਰਫ ਆਰਜ਼ੀ ਦਾਤਾਂ ਸਨ ਜਿਨ੍ਹਾਂ ਦਾ ਉਦੇਸ਼ "ਆਤਮਾ ਦੀ ਸਮਰੱਥਾ ਨਾਲ ਬਣਾਏ ਗਏ ਆਗੂਆਂ ਦੇ ਰੂਪ ਵਿਚ ਉਨ੍ਹਾਂ ਦੀਆਂ ਯੋਗਤਾਵਾਂ ਨੂੰ ਸਥਾਪਤ ਕਰਨਾ ਸੀ।"[3] ਆਤਮਾ ਦੁਆਰਾ ਦਿੱਤੀ ਜਾਣ ਵਾਲੀ ਇਹ ਸਮਰੱਥਾ ਜਿਸ ਤੋਂ ਬਾਅਦ ਬਜ਼ੁਰਗਾਂ ਨੇ ਅਗੰਮ ਵਾਕ ਕੀਤਾ ਸੀ ਦੀ ਤੁਲਨਾ ਸ਼ਾਊਲ ਦੇ ਅਗੰਮ ਵਾਕ ਕਰਨ (1 ਸਮੂਏਲ 10) ਅਤੇ ਪਹਿਲੀ ਸਦੀ ਵਿਚ ਚੇਲਿਆਂ ਉੱਤੇ ਆਤਮਾ ਦੇ ਆਉਣ

(ਰਸੂਲਾਂ ਦੇ ਕਰਤੱਬ 2) ਨਾਲ ਕੀਤੀ ਗਈ ਹੈ। ਇਸ ਸਮੇਂ ਤੋਂ, ਆਤਮਾ ਨਾਲ ਭਰਪੂਰ ਇਨ੍ਹਾਂ ਮਨੁੱਖਾਂ ਨੇ ਮੂਸਾ ਦੀ ਅਜਿਹੇ ਤਰੀਕੇ ਨਾਲ ਮਦਦ ਕੀਤੀ ਕਿ ਮੂਸਾ ਨੂੰ ਇਕ ਆਗੂ ਦੇ ਰੂਪ ਵਿਚ ਉਸ ਵੱਡੀ ਭੀੜ ਦਾ ਭਾਰ ਹਲਕਾ ਮਹਿਸੂਸ ਹੋਣ ਲੱਗ ਪਿਆ। ਸੱਤ੍ਰ ਆਗੂਆਂ ਨੇ ਮੂਸਾ ਦੇ ਮਦਦ ਕਰਨ ਦੇ ਲਈ ਜੋ ਕੀਤਾ ਸੀ ਵਚਨ ਉਸ ਬਾਰੇ ਕੋਈ ਵਿਸ਼ੇਸ਼ ਜਾਣਕਾਰੀ ਨਹੀਂ ਦਿੰਦਾ।

**ਆਇਤ 26.** ਉਹ ਸਭ ਜਿਨ੍ਹਾਂ ਨੂੰ ਮੂਸਾ ਦੀ ਮਦਦ ਕਰਨ ਦੇ ਲਈ ਚੁਣਿਆ ਗਿਆ ਸੀ ਸਾਰੇ ਦੇ ਸਾਰੇ ਨਹੀਂ ਆਏ; **ਅਲਦਾਦ** ਅਤੇ **ਮੇਦਾਦ** ਬਾਕੀ ਸੱਤ੍ਰਾਂ ਨਾਲ ਡੇਹਰੇ ਦੀ ਵੱਲ ਜਾਣ ਦੀ ਬਜਾਇ **ਡੇਰੇ ਵਿੱਚ ਰਹਿ ਗਏ।** ਤਾਂ ਵੀ, **ਆਤਮਾ ਉਨ੍ਹਾਂ ਉੱਤੇ ਵੀ ਉਤਰਿਆ** ਅਤੇ **ਓਹ ਡੇਰੇ ਵਿੱਚ ਹੀ ਅਗੰਮ ਵਾਚਣ ਲੱਗੇ।** ਮੁਢਲੀ ਟਿੱਪਣੀ ਵਿਆਖਿਆ ਕਰਦੀ ਹੈ ਕਿ **ਏਹ ਲਿਖਿਆਂ ਹੋਇਆਂ ਦੇ ਵਿੱਚ ਸਨ** - ਅਰਥਾਤ, ਚੁਣੇ ਗਏ ਸਨ ਅਤੇ ਉਨ੍ਹਾਂ ਨੂੰ ਸੱਤ੍ਰਾਂ ਦੀ ਸੂਚੀ ਵਿਚ ਸ਼ਾਮਲ ਕੀਤਾ ਗਿਆ ਸੀ - **ਪਰ ਤੰਬੂ ਕੋਲ ਬਾਹਰ ਨਹੀਂ ਸੀ ਗਏ।**

**ਆਇਤਾਂ 27, 28. ਅਲਦਾਦ ਅਤੇ ਮੇਦਾਦ** ਦੇ ਅਗੰਮ ਵਾਚਣ ਤੋਂ ਬਾਅਦ, **ਇੱਕ ਗੱਭਰੂ** ਨੱਠ ਕੇ ਡੇਹਰੇ ਦੇ ਕੋਲ ਗਿਆ ਅਤੇ ਇਸ ਦੇ ਬਾਰੇ ਮੂਸਾ ਨੂੰ ਦੱਸਿਆ। ਸਮਝਿਆ ਜਾਂਦਾ ਹੈ ਕਿ ਆਇਤ 27 ਵਿਚ ਜੋ "ਗੱਭਰੂ" ਸੀ ਉਹ **ਯਹੋਸ਼ੁਆ** ਸੀ, ਜਿਸ ਨੇ ਆਇਤ 28 ਵਿਚ ਦੋ ਮਨੁੱਖਾਂ ਨੂੰ **ਵਰਜਣ** ਦੀ ਬੇਨਤੀ ਕੀਤੀ ਸੀ।[4] ਇਹ ਪਛਾਣ ਅਸੰਭਵ ਨਹੀਂ ਹੈ, ਕਿਉਂਕਿ "ਗੱਭਰੂ" (נַעַר, *ਨਾਰ)* ਸ਼ਬਦ "ਬਾਲਪੁਣੇ (ਕੂਚ 2:6) ਤੋਂ ਲੈ ਕੇ ਪਰਿਪੱਕ ਜੁਆਨੀ (2 ਸਮੂਏਲ 14:21) ਤੱਕ ਦੇ ਪੁਰਸ਼ਾਂ ਦਾ ਹਵਾਲਾ ਦੇ ਸਕਦਾ ਹੈ।"[5] ਇਸ ਤੋਂ ਇਲਾਵਾ, *ਨਾਰ* ਸ਼ਬਦ ਕੂਚ 33:11 ਵਿਚ ਯਹੋਸ਼ੁਆ ਲਈ ਵਰਤਿਆ ਗਿਆ ਹੈ, ਜਦੋਂ ਇਸਰਾਏਲੀਆਂ ਨੇ ਹਾਲੇ ਸੀਨਈ ਪਹਾੜ ਤੇ ਡੇਰਾ ਲਾਇਆ ਹੋਇਆ ਸੀ।

ਪਰਤੱਖ ਰੂਪ ਵਿਚ, ਯਹੋਸ਼ੁਆ ਨੂੰ ਇਸ ਗੱਲ ਦੀ ਚਿੰਤਾ ਸੀ ਕਿ ਮੂਸਾ ਤੋਂ ਇਲਾਵਾ ਆਤਮਾ ਨਾਲ ਭਰਪੂਰ ਇਖ਼ਤਿਆਰ ਦਾ ਇਹ ਪ੍ਰਦਰਸ਼ਨ ਵਿਦਰੋਹ ਦਾ ਸੰਕੇਤ ਦੇ ਸਕਦਾ ਸੀ ਜਾਂ ਵਿਦਰੋਹ ਵੱਲ ਲੈ ਕੇ ਜਾ ਸਕਦਾ ਸੀ ਜਾਂ ਲੋਕਾਂ ਦੇ ਦਿਨਾਂ ਵਿਚ ਮੂਸਾ ਦੇ ਲਈ ਜੋ ਇੱਜ਼ਤ ਸੀ ਉਸ ਨੂੰ ਘਟਾ ਸਕਦਾ ਸੀ। ਆਪਣੀ ਇਸ ਚਿੰਤਾ ਵਿਚ, ਉਸ ਨੇ ਮੂਸਾ ਨੂੰ ਉਨ੍ਹਾਂ ਨੂੰ ਉਹ ਕਰਨ ਤੋਂ ਰੋਕਣ ਦੀ ਬੇਨਤੀ ਕੀਤੀ ਜੋ ਉਹ ਕਰ ਰਹੇ ਸਨ।

**ਆਇਤਾਂ 29, 30.** ਮੂਸਾ ਨੇ ਜਵਾਬ ਦਿੱਤਾ, **ਕੀ ਤੂੰ ਮੇਰੇ ਲਈ ਖਿਝਦਾ ਹੈਂ? ਕਾਸ਼ ਕਿ ਯਹੋਵਾਹ ਦੇ ਸਾਰੇ ਲੋਕ ਨਬੀ ਹੁੰਦੇ ਅਤੇ ਯਹੋਵਾਹ ਆਪਣਾ ਆਤਮਾ ਉਨ੍ਹਾਂ ਉੱਤੇ ਪਾਉਂਦਾ!** ਫਿਰ ਮੂਸਾ **ਇਸਰਾਏਲ ਦੇ ਬਜ਼ੁਰਗਾਂ** ਨਾਲ **ਡੇਰੇ ਨੂੰ ਮੁੜ ਆਇਆ।** ਮੂਸਾ ਦਾ ਰਵੱਈਆ ਪੌਲੁਸ ਦੇ ਉਸ ਰਵੱਈਏ ਵਰਗਾ ਸੀ ਜੋ ਫ਼ਿਲਿੱਪੀਆਂ 1:15-18 ਵਿਚ ਪੌਲੁਸ ਦਾ ਉਸ ਦੇ ਦੁਸ਼ਮਣਾਂ ਦੇ ਪ੍ਰਤੀ ਸੀ।

ਅਲਦਾਦ ਅਤੇ ਮੇਦਾਦ, ਹਾਲਾਂਕਿ ਉਹ ਚੁਣੇ ਹੋਏ ਸਨ, ਦੂਜੇ ਅਠਾਠ ਬਜ਼ੁਰਗਾਂ ਨਾਲ ਜਿਨ੍ਹਾਂ ਨੂੰ ਆਤਮਾ ਪ੍ਰਾਪਤ ਕਰਨ ਦੇ ਲਈ ਚੁਣਿਆ ਗਿਆ ਸੀ ਪਵਿੱਤਰ ਅਸਥਾਨ ਕੋਲ ਪਹੁੰਚਣ ਵਿਚ ਕਿਉਂ ਅਸਫ਼ਲ ਰਹੇ? ਮੂਸਾ ਇਹ ਨਹੀਂ ਕਹਿੰਦਾ, ਪਰ ਅਸੀਂ ਇਸ ਘਟਨਾ ਵਿਚ ਬਾਅਦ ਵਿਚ ਮੂਸਾ ਅਤੇ ਹਾਰੂਨ ਦੇ ਵਿਰੁੱਧ ਜੋ ਵਿਦਰੋਹ ਕੀਤਾ ਗਿਆ ਸੀ ਉਸ ਦੇ ਪਹਿਲੇ ਸੰਕੇਤ ਨੂੰ ਵੇਖ ਸਕਦੇ ਹਾਂ (ਵੇਖੋ 12; 16; 17 ਅਧਿਆਇ)। ਜੇਕਰ ਅਲਦਾਦ ਅਤੇ ਮੇਦਾਦ ਨੇ ਜਾਣਬੁੱਝ ਕੇ ਮੂਸਾ ਦੇ ਹੁਕਮਾਂ ਦਾ ਪਾਲਣ ਕਰਨ ਤੋਂ ਇਨਕਾਰ ਕੀਤਾ ਸੀ, ਤਾਂ ਮੂਸਾ ਨੇ ਉਨ੍ਹਾਂ ਦੇ ਪ੍ਰਤੀ ਹਲੀਮੀ ਦੀ ਸ਼ਾਨਦਾਰ ਭਾਵਨਾ ਨੂੰ ਪਰਗਟ ਕੀਤਾ ਸੀ (ਵੇਖੋ 12:3)। ਮੂਸਾ ਉਨ੍ਹਾਂ ਲੋਕਾਂ ਦੀ ਨਿੰਦਾ ਨਹੀਂ ਸੀ ਕਰਦਾ ਜਿਨ੍ਹਾਂ ਨੂੰ ਪਰਮੇਸ਼ੁਰ ਦਾ ਆਤਮਾ ਦਿੱਤਾ ਗਿਆ ਸੀ, ਭਾਵੇਂ ਉਹ ਉਸ ਦੇ ਦੁਸ਼ਮਣ ਹੀ ਕਿਉਂ ਨਾ ਹੋਣ।

**ਆਇਤ 31.** ਪਰਮੇਸ਼ੁਰ ਨੇ ਲੋਕਾਂ ਨੂੰ ਉਨ੍ਹਾਂ ਦੀ ਕਲਪਨਾ ਤੋਂ ਵੱਧ ਕੇ ਮਾਸ ਦੇਣ ਦੁਆਰਾ

ਆਪਣੇ ਦੂਜੇ ਵਾਅਦੇ ਨੂੰ ਪੂਰਾ ਕੀਤਾ। **ਯਹੋਵਾਹ ਵੱਲੋਂ ਇੱਕ ਹਵਾ ਵਗੀ ... ਸਮੁੰਦਰੋਂ ਬਟੇਰੇ ਉਡਾ ਕੇ ਡੇਰੇ ਉੱਤੇ ਸੁੱਟ ਗਈ। ਓਹ ਇੱਕ ਦਿਨ ਦੇ ਪੈਂਡੇ ਤੀਕ ਏਧਰ ਅਤੇ ਇੱਕ ਦਿਨ ਦੇ ਪੈਂਡੇ ਤੀਕ ਓਧਰ ਡੇਰੇ ਦੇ ਆਲੇ ਦੁਆਲੇ ਦੋ ਦੋ ਹੱਥ ਤੇ ਜਮੀਨ ਦੀ ਪਰਤ ਉੱਤੇ ਸਨ।** ਉਹੀ ਇਬਰਾਨੀ ਸ਼ਬਦ, רוּחַ *(ਰੂਆਚ)* ਜਿਹੜਾ "ਆਤਮਾ (11:25, 29) ਲਈ ਅਤੇ "ਹਵਾ" (11:31) ਲਈ ਵਰਤਿਆ ਗਿਆ ਹੈ, ਬਹੁਤ ਹੀ ਨੇੜਿਓਂ ਇਨ੍ਹਾਂ ਦੋ ਚੀਜ਼ਾਂ ਨੂੰ ਜੋੜ ਰਿਹਾ ਹੈ ਜੋ ਪਰਮੇਸ਼ੁਰ ਨੇ ਇਸਰਾਏਲ ਲਈ ਕੀਤੀਆਂ।

ਇਸ ਆਇਤ ਵਿਚ ਸਾਡੇ ਲਈ ਕੁਝ ਵੇਰਵਿਆਂ ਦੀ ਵਿਆਖਿਆ ਕਰਨਾ ਮੁਸ਼ਕਲ ਹੈ। ਖ਼ਾਸਕਰ, "ਦੋ ਦੋ ਹੱਥ" ਦਾ ਕੀ ਅਰਥ ਹੈ? NASB ਬਾਈਬਲ ਦੇ ਅਨੁਵਾਦਕਾਂ ਨੇ ਸਪੱਸ਼ਟੀਕਰਨ ਦੇ ਲਈ "ਡੂੰਘਾ" ਸ਼ਬਦ ਜੋੜਿਆ ਹੈ। ਬਹੁਤਿਆਂ ਲਈ ਇਹ ਮਨਭਾਉਂਦੀ ਵਿਆਖਿਆ ਹੈ - ਅਰਥਾਤ, ਇਹ ਕਿ ਪੰਛੀ ਸਮੁੰਦਰ ਵਿੱਚੋਂ ਉੱਡਦੇ ਸਨ ਦੋ ਦੋ ਹੱਥ (ਲਗਭਗ ਤਿੰਨ ਫੁੱਟ) ਢੇਰਾਂ ਵਿਚ ਇਕੱਠੇ ਕੀਤੇ ਜਾਂਦੇ ਸਨ। ਪਰ, ਕਈ ਸੋਚਦੇ ਹਨ ਕਿ ਇਹ ਬੰਦ ਉਸ ਉਚਾਈ ਦਾ ਹਵਾਲਾ ਦਿੰਦਾ ਹੈ ਜਿਸ ਉਚਾਈ ਤੇ ਬਟੇਰੇ ਉੱਡਦੇ ਸਨ, ਮਤਲਬ ਇਹ ਕਿ ਹਵਾ ਉਨ੍ਹਾਂ ਨੂੰ ਇੰਨਾ ਨੀਵਾਂ ਉਡਾਉਂਦੀ ਸੀ ਕਿ ਉਨ੍ਹਾਂ ਨੂੰ ਫੜਨਾ ਬਹੁਤ ਅਸਾਨ ਸੀ। REB ਬਾਈਬਲ ਕਹਿੰਦੀ ਹੈ ਕਿ "ਉਹ ਜ਼ਮੀਨ ਤੋਂ ਤਿੰਨ ਫੁੱਟ ਉੱਚਾ ਉੱਡ ਰਹੇ ਸਨ।" ਮੁਸ਼ਕਲਾਂ ਦੇ ਬਾਵਜੂਦ, ਇਸ ਕਥਨ ਦੀ ਮੁੱਖ ਗੱਲ ਸਪੱਸ਼ਟ ਹੈ: ਪਰਮੇਸ਼ੁਰ ਨੇ ਆਪਣੀ ਬੁੜ ਬੁੜਾਉਣ ਵਾਲੀ ਪਰਜਾ ਨੂੰ ਮਾਸ ਦੇਣ ਦੇ ਲਈ ਬਹੁਤ ਸਾਰੇ ਬਟੇਰੇ ਘੱਲੇ ਸਨ।

**ਆਇਤ 32.** ਉੱਥੇ ਇੰਨੇ ਜ਼ਿਆਦਾ ਬਟੇਰ ਸਨ ਕਿ ਪਰਜਾ ਨੂੰ ਉਨ੍ਹਾਂ ਬਟੇਰਿਆਂ ਨੂੰ ਇਕੱਠਾ ਕਰਨ ਦੇ ਲਈ **ਸਾਰਾ ਦਿਨ ਅਤੇ ਸਾਰੀ ਰਾਤ ਅਤੇ ਸਾਰਾ ਦੂਜਾ ਦਿਨ** ਲੱਗ ਗਿਆ। **ਘੱਟੋ ਘੱਟੋ** ਜੇ ਕਿਸੇ ਨੇ ਇਕੱਠਾ ਕੀਤਾ ਸੀ ਤਾਂ ਉਹ **ਦਸ ਹੋਮਾਰ** (ਲਗਭਗ ਸੱਠ ਬੁਸ਼ਲ) ਸੀ। ਉਨ੍ਹਾਂ ਦੇ ਬਟੇਰਿਆਂ ਨੂੰ ਇਕੱਠਾ ਕਰਨ ਮਗਰੋਂ, **ਉਨ੍ਹਾਂ ਨੇ ਓਹਨਾਂ ਨੂੰ** ਸੁੱਕਣ ਦੇ ਲਈ ਧੁੱਪ ਵਿਚ **ਖਿਲਾਰ ਦਿੱਤਾ**। ਹੇਰੋਦੁਤੁਸ ਨੇ ਮਿਸਰੀਆਂ ਦੇ ਬਾਰੇ ਲਿਖਿਆ, "ਕੁਝ ਕਿਸਮ ਦੀਆਂ ਮੱਛੀਆਂ ਉਹ ਕੱਚੀਆਂ ਖਾਂਦੇ ਹਨ, ਜੋ ਜਾਂ ਤਾਂ ਧੁੱਪ ਵਿਚ ਸੁਕਾਈਆਂ ਹੁੰਦੀਆਂ ਸਨ, ਜਾਂ ਉਨ੍ਹਾਂ ਨੂੰ ਲੂਣ ਲੱਗਾ ਹੁੰਦਾ ਸੀ; ਬਟੇਰ ਵੀ ਉਹ ਕੱਚੇ ਖਾਂਦੇ ਸਨ।"[6] ਪਰਤੱਖ ਰੂਪ ਵਿਚ, ਇਸਰਾਏਲੀਆਂ ਨੇ ਵੀ ਇਸੇ ਰੀਤ ਦਾ ਪਾਲਣ ਕੀਤਾ ਸੀ, ਕਿਉਂਕਿ ਉਨ੍ਹਾਂ ਨੂੰ ਮਿਸਰ ਵਿਚ ਰਹਿੰਦਿਆਂ ਚਾਰ ਸੌ ਤੋਂ ਵੱਧ ਸਾਲ ਹੋ ਚੁੱਕੇ ਸਨ।

## ਪਰਮੇਸ਼ੁਰ ਦੀ ਸਜ਼ਾ (11:33-35)

**33ਜਦ ਉਹ ਮਾਸ ਅਜੇ ਉਹ ਦੇ ਦੰਦਾਂ ਵਿੱਚ ਹੀ ਸੀ ਅਤੇ ਉਹ ਨੂੰ ਚਿੱਥਿਆ ਨਹੀਂ ਸੀ ਤਾਂ ਯਹੋਵਾਹ ਕ੍ਰੋਧ ਪਰਜਾ ਉੱਤੇ ਭੜਕ ਉੱਠਿਆ ਅਤੇ ਯਹੋਵਾਹ ਨੇ ਪਰਜਾ ਨੂੰ ਅੱਤ ਵੱਡੀ ਬਵਾ ਨਾਲ ਮਾਰਿਆ। 34ਉਪਰੰਤ ਉਨ੍ਹਾਂ ਨੇ ਉਸ ਥਾਂ ਦਾ ਨਾਉਂ ਕਿਬਰੋਥ-ਹੱਤਾਵਾਹ ਰੱਖਿਆ ਕਿਉਂ ਜੋ ਉੱਥੇ ਉਨ੍ਹਾਂ ਨੇ ਉਸ ਪਰਜਾ ਨੂੰ ਦੱਬਿਆ ਜਿਹੜੀ ਹਾਬੜੀ ਹੋਈ ਸੀ। 35ਕਿਬਰੋਥ-ਹੱਤਾਵਾਹ ਤੋਂ ਪਰਜਾ ਨੇ ਹਸੇਰੋਥ ਨੂੰ ਕੂਚ ਕੀਤਾ ਅਤੇ ਹਸੇਰੋਥ ਵਿੱਚ ਟਿਕੇ।**

**ਆਇਤ 33.** ਇਸ ਤੋਂ ਪਹਿਲਾਂ ਕਿ ਪਰਜਾ ਖਾਣ ਤੋਂ ਹਟਦੀ, ਜਦ **ਉਹ ਮਾਸ ਅਜੇ ਉਹ ਦੇ ਦੰਦਾਂ ਵਿੱਚ ਹੀ ਸੀ ਅਤੇ ਉਹ ਨੂੰ ਚਿੱਥਿਆ ਨਹੀਂ ਸੀ**, ਪਰਮੇਸ਼ੁਰ ਦਾ ਕ੍ਰੋਧ ਇਸਰਾਏਲ ਦੇ ਵਿਰੁੱਧ ਭੜਕਿਆ ਅਤੇ ਉਸ ਨੇ **ਪਰਜਾ ਨੂੰ ਅੱਤ ਵੱਡੀ ਬਵਾ ਨਾਲ ਮਾਰਿਆ**। ਇਸ ਵਿਚ ਕੋਈ ਸ਼ੱਕ ਨਹੀਂ ਹੈ ਕਿ ਬਹੁਤ ਸਾਰੇ ਲੋਕ ਮਾਰੇ ਗਏ, ਹਾਲਾਂਕਿ ਮੂਲ ਲਿਖਤ ਇਹ ਨਹੀਂ ਦੱਸਦੀ ਕਿ ਕਿੰਨੇ ਲੋਕ

ਮਰੇ ਸਨ। ਇਸ ਤਰੀਕੇ ਨਾਲ, ਪਰਮੇਸ਼ੁਰ ਨੇ ਪਰਜਾ ਦੇ ਬੁੜ ਬੁੜਾਉਣ ਦੇ ਕਾਰਣ ਉਸ ਨੂੰ ਸਜ਼ਾ ਦਿੱਤੀ ਸੀ।

ਇਸ ਅਨੁਭਵ ਨੇ ਇਸ ਵਾਅਦੇ ਨੂੰ ਕਿਵੇਂ ਪੂਰਾ ਕੀਤਾ ਕਿ ਇਸਰਾਏਲੀ ਪੂਰੇ ਮਹੀਨੇ ਤੱਕ ਭੋਜਨ ਖਾਣਗੇ? ਸ਼ਾਇਦ ਇਸ ਦਾ ਜਵਾਬ ਇਹ ਹੈ ਕਿ ਜਿੰਨੇ ਬਟੇਰੇ ਦਿੱਤੇ ਗਏ ਸਨ ਉਹ ਇਸਰਾਏਲੀਆਂ ਵਾਸਤੇ ਘੱਟੋ-ਘੱਟ ਤੀਹ ਦਿਨਾਂ ਦੇ ਲਈ ਖਾਣ ਵਾਸਤੇ ਕਾਫੀ ਸਨ। ਗਿਣਤੀ 11:20 ਅੰਦਾਜ਼ਾ ਨਹੀਂ ਲਗਾਉਂਦੀ ਪਰ 11:33 ਵਿਚ ਘੱਲੀ ਗਈ ਬਵਾ ਦਾ ਸੰਕੇਤ ਦੇ ਸਕਦੀ ਹੈ। ਪਰਮੇਸ਼ੁਰ ਦੁਆਰਾ ਬਵਾ ਨੂੰ ਘੱਲਣਾ ਇਸ ਗੱਲ ਦਾ ਸਬੂਤ ਹੈ ਕਿ ਉਸ ਦਾ **ਕ੍ਰੋਧ** ਕਿਸ ਹੱਦ ਤੱਕ ਭੜਕ ਗਿਆ ਸੀ ਅਤੇ ਉਹ ਆਪਣੀ ਨਾਸ਼ੁਕਰੀ ਪਰਜਾ ਦੇ ਕਾਰਨ ਆਪਣਾ ਸਬਰ ਗੁਆ ਚੁੱਕਾ ਸੀ।

ਸਾਡਾ ਝੁਕਾਉ ਇਹ ਸੋਚਣ ਦਾ ਹੋ ਸਕਦਾ ਹੈ ਕਿ ਇਸਰਾਏਲੀਆਂ ਨੂੰ ਦਿੱਤੀ ਗਈ ਪਰਮੇਸ਼ੁਰ ਦੀ ਸਜ਼ਾ ਉਨ੍ਹਾਂ ਦੇ ਪਾਪ ਦੇ ਲਈ ਅਸੰਗਤ ਸੀ। ਜਦ ਕਿ ਅਸੀਂ ਇਸਰਾਏਲੀਆਂ ਦੇ ਬੁੜ ਬੁੜਾਉਣ ਨਾਲ ਹਮਦਰਦੀ ਜਤਾ ਸਕਦੇ ਹਾਂ, ਬਾਈਬਲ ਦੇ ਲੇਖਕ ਉਨ੍ਹਾਂ ਨਾਲ ਕੋਈ ਹਮਦਰਦੀ ਨਹੀਂ ਜਤਾਉਂਦੇ। ਉਨ੍ਹਾਂ ਦੇ ਬੁੜ ਬੁੜਾਉਣ ਨੇ ਪਰਮੇਸ਼ੁਰ ਨੂੰ ਇੰਨਾ ਕ੍ਰੋਧਿਤ ਕਿਉਂ ਕਰ ਦਿੱਤਾ? ਨਿਸ਼ਚਤ ਤੌਰ ਤੇ, ਪਰਮੇਸ਼ੁਰ ਨੇ ਉਨ੍ਹਾਂ ਦੇ ਬੁੜ ਬੁੜਾਉਣ ਵਿਚ ਹੇਠ ਲਿਖੇ ਪਾਪ ਭਰੇ ਰਵੱਈਆਂ ਨੂੰ ਵੇਖਿਆ:

1. ਨਾਸ਼ੁਕਰਾਪਣ। ਉਹ ਇਹ ਭੁੱਲ ਚੁੱਕੇ ਸਨ ਕਿ ਪਰਮੇਸ਼ੁਰ ਨੇ ਲਗਾਤਾਰ ਉਨ੍ਹਾਂ ਨੂੰ ਕਿਵੇਂ ਬਰਕਤ ਦਿੱਤੀ ਸੀ; ਇਸ ਤੋਂ ਇਲਾਵਾ, ਮਾਸ ਦੇ ਲਈ ਉਨ੍ਹਾਂ ਦੀ ਇਹ ਲਾਲਸਾ "ਮੰਨ ਦੀ ਕਿਰਪਾਲੂ ਦਾਤ ਦਾ ਠੁਕਰਾਉਣਾ ਸੀ ਜੋ ਪਰਮੇਸ਼ੁਰ ਨੇ ... ਉਜਾੜ ਵਿਚ ਉਨ੍ਹਾਂ ਦੇ ਪੂਰੇ ਸਫ਼ਰ ਦੌਰਾਨ ਲੋਕਾਂ ਨੂੰ ਵਫ਼ਾਦਾਰੀ ਨਾਲ ਭੋਜਨ ਦੇ ਰੂਪ ਵਿਚ ਪ੍ਰਦਾਨ ਕੀਤਾ ਸੀ।"[7]

2. ਬੇਪਰਤੀਤੀ। ਉਨ੍ਹਾਂ ਨੇ ਸੱਚਮੁੱਚ ਇਹ ਪਰਤੀਤ ਨਹੀਂ ਕੀਤੀ ਕਿ ਪਰਮੇਸ਼ੁਰ ਉਨ੍ਹਾਂ ਨੂੰ ਪਿਆਰ ਕਰਦਾ ਸੀ ਅਤੇ ਇਹ ਕਿ ਉਨ੍ਹਾਂ ਨੇ ਉਨ੍ਹਾਂ ਦੀ ਦੇਖਭਾਲ ਕਰਨ ਦੇ ਲਈ ਪਰਮੇਸ਼ੁਰ ਦੀ ਯੋਗਤਾ ਤੇ ਸ਼ੱਕ ਕੀਤਾ ਸੀ।

3. ਵਿਦਰੋਹ। ਪਰਜਾ ਦੇ ਬੁੜ ਬੁੜਾਉਣ ਨਾਲ, ਉਨ੍ਹਾਂ ਨੇ "ਪਰਮੇਸ਼ੁਰ ਦੇ ਇਸ ਉਦੇਸ਼ ਦੇ ਪ੍ਰਤੀ ਉਨ੍ਹਾਂ ਦੀ ਵਿਰੋਧਤਾ ਨੂੰ ਵਿਅਕਤ ਕੀਤਾ ਸੀ ਕਿ ਉਨ੍ਹਾਂ ਨੂੰ ਕਨਾਨ ਵਿਚ ਵੱਸਣਾ ਚਾਹੀਦਾ ਹੈ।"[8] ਦਰਅਸਲ, ਪਰਮੇਸ਼ੁਰ ਨੇ ਆਖਿਆ ਸੀ ਕਿ ਉਨ੍ਹਾਂ ਨੇ "ਯਹੋਵਾਹ ਨੂੰ ਜਿਹੜਾ [ਉਨ੍ਹਾਂ ਵਿੱਚ ਸੀ] ਤਿਆਗ ਦਿੱਤਾ [ਸੀ]" (11:20)।

ਪਰਮੇਸ਼ੁਰ ਨੇ ਅੱਜ ਆਪਣੇ ਲੋਕਾਂ ਨੂੰ ਇਸਰਾਏਲੀਆਂ ਦੇ ਵਾਂਗ ਨਾ ਬੁੜ ਬੁੜਾਉਣ ਦੀ ਹਦਾਇਤ ਦਿੱਤੀ ਹੈ:

> ਪਰੰਤੂ ਪਰਮੇਸ਼ੁਰ ਓਹਨਾਂ ਵਿੱਚੋਂ ਬਾਹਲਿਆਂ ਨਾਲ ਪਰਸੰਨ ਨਹੀਂ ਸੀ ਸੋ ਓਹ ਉਜਾੜ ਵਿੱਚ ਢਹਿ ਪਏ। ਅਤੇ ਏਹ ਗੱਲਾਂ ਸਾਡੇ ਲਈ ਨਸੀਹਤ ਬਣੀਆਂ ਭਈ ਅਸੀਂ ਮਾੜੀਆਂ ਗੱਲਾਂ ਦੀਆਂ ਕਾਮਨਾਂ ਨਾ ਕਰੀਏ ਜਿਵੇਂ ਓਹਨਾਂ ਨੇ ਕਾਮਨਾਂ ਕੀਤੀਆਂ ਸਨ। ... ਨਾ ਤੁਸੀਂ ਬੁੜ ਬੁੜ ਕਰੋ ਜਿਵੇਂ ਓਹਨਾਂ ਵਿੱਚੋਂ ਕਈਆਂ ਨੇ ਬੁੜ ਬੁੜ ਕੀਤਾ ਅਤੇ ਨਾਸ ਕਰਨ ਵਾਲੇ ਤੋਂ ਨਾਸ ਹੋਏ (1 ਕੁਰਿੰਥੀਆਂ 10:5-10)।

> ਤੁਸੀਂ ਸੱਭੇ ਕੰਮ ਬੁੜ ਬੁੜ ਅਤੇ ਝਗੜੇ ਕਰਨ ਤੋਂ ਬਿਨਾ ਕਰੋ ਭਈ ਤੁਸੀਂ ਨਿਰਦੋਸ਼ ਅਤੇ ਸਿੱਧੇ ਸਾਧੇ ਹੋ ਕੇ ਵਿੰਗੀ ਟੇਢੀ ਪੀੜ੍ਹੀ ਵਿੱਚ ਪਰਮੇਸ਼ੁਰ ਦੇ ਨਿਰਮਲ ਬਾਲਕ ਬਣੇ ਰਹੋ ਜਿਨ੍ਹਾਂ ਦੇ ਵਿੱਚ ਤੁਸੀਂ ਜਗਤ ਉੱਤੇ ਜੋਤਾਂ ਵਾਂਙੁ ਦਿੱਸਦੇ ਹੋ (ਫ਼ਿਲਿੱਪੀਆਂ 2:14, 15)।

ਉਜਾੜ ਵਿਚ ਉਨ੍ਹਾਂ ਬੁੜ ਬੁੜਾਉਣ ਵਾਲਿਆਂ ਨਾਲ ਕੀਤੇ ਗਏ ਪਰਮੇਸ਼ੁਰ ਦੇ ਵਰਤਾਓ ਤੇ ਅਧਾਰਿਤ, ਅਸੀਂ ਇਹ ਜਾਣਦੇ ਹਾਂ ਕਿ ਸਾਨੂੰ ਇਸ ਹੁਕਮ ਨੂੰ ਗੰਭੀਰਤਾ ਨਾਲ ਲੈਣ ਦੀ ਲੋੜ ਹੈ!

**ਆਇਤ 34.** ਬੁੜ ਬੁੜਾਉਣ ਵਾਲਿਆਂ ਦੀਆਂ ਮੌਤਾਂ ਦੇ ਕਾਰਣ ਉਸ ਥਾਂ ਦਾ ਨਾਉਂ **ਕਿਬਰੋਥ-ਹੱਤਾਵਾਹ** ਰੱਖਿਆ ਗਿਆ ਸੀ, ਜਿਸ ਦਾ ਅਰਥ ਹੈ "ਲਾਲਚਪੁਣੇ ਦੀਆਂ ਕਬਰਾਂ।" ਇਹੀ ਉਹ ਥਾਂ ਹੈ ਜਿੱਥੇ **ਉਸ ਪਰਜਾ ਨੂੰ ਦੱਬਿਆ ਜਿਹੜੀ** ਮਾਸ ਲਈ **ਹਾਬੜੀ ਹੋਈ ਸੀ**।

**ਆਇਤ 35.** ਇਹ ਅਧਿਆਇ ਇਹ ਕਹਿਣ ਦੁਆਰਾ ਖਤਮ ਹੁੰਦਾ ਹੈ ਕਿ ਪਰਜਾ ਉੱਥੋਂ **ਹਸੇਰੋਥ** ਨੂੰ ਗਈ ਅਤੇ ਥੋੜ੍ਹੇ ਚਿਰ ਲਈ ਉੱਥੇ ਟਿਕੀ।

# ਪ੍ਰਾਸੰਗਿਕਤਾ

**ਬੁੜ ਬੁੜਾਉਣ ਦਾ ਪਾਪ (11:1-9)**

ਪਰਜਾ ਦੇ ਮੂਲ ਰਵੱਈਏ, ਖਾਸਕਰ ਸਮੂਹਿਕ ਹਾਲਾਤਾਂ ਵਿਚ, ਪੀੜ੍ਹੀਆਂ ਤੱਕ ਅਬਦਲੇ ਰਹੇ। ਜਦ ਕਦੇ ਵੀ ਇਕ ਸਮੂਹ ਵਿਚ ਬਾਹਰੀ ਬਦਲਾਅ ਪੇਸ਼ ਕੀਤੇ ਜਾਂਦੇ ਹਨ, ਇਸ ਦੇ ਕੁਝ ਮੈਂਬਰ ਬੁੜਬੁੜਾਉਣਾ ਸ਼ੁਰੂ ਕਰ ਦਿੰਦੇ ਹਨ।

ਗਿਣਤੀ 11:1-9 ਵਿਚ ਜੋ ਕਹਾਣੀ ਹੈ ਉਸ ਨੂੰ ਦੂਜੀਆਂ ਉਦਾਹਰਣਾਂ ਤੋਂ ਜੋ ਵੱਖਰਾ ਬਣਾਉਂਦਾ ਹੈ ਉਹ ਇਹ ਹੈ ਕਿ ਪਰਮੇਸ਼ੁਰ ਪਰਜਾ ਵਿਚ ਬਾਹਰੀ ਪਹਿਲੂਆਂ ਨੂੰ ਨਿਯੰਤਰਿਤ ਕਰ ਰਿਹਾ ਸੀ ਅਤੇ ਉਨ੍ਹਾਂ ਕੋਲ ਬੁੜ ਬੁੜਾਉਣ ਦੇ ਲਈ ਕੋਈ ਉਚਿਤ ਕਾਰਣ ਨਹੀਂ ਸੀ। ਪਰਮੇਸ਼ੁਰ ਨੇ ਉਨ੍ਹਾਂ ਦੇ ਲਈ ਸਭ ਕੁਝ ਕੀਤਾ ਸੀ। ਆਓ ਹੁਣ ਤੱਕ ਉਸ ਦੀਆਂ ਬਰਕਤਾਂ ਤੇ ਪੁਨਰ ਵਿਚਾਰ ਕਰੀਏ: (1) ਪਰਮੇਸ਼ੁਰ ਨੇ ਉਨ੍ਹਾਂ ਨੂੰ ਹੱਦਾਂ ਤੇ ਕਨਾਨੀ ਫੌਜਾਂ ਤੋਂ ਬਚਾਉਣ ਦੇ ਲਈ ਉਜਾੜ ਵਿਚ ਰੱਖਿਆ ਸੀ। (2) ਪਰਮੇਸ਼ੁਰ ਨੇ ਉਨ੍ਹਾਂ ਨੂੰ ਵਿਵਸਥਿਤ ਡੇਰੇ ਵਿਚ ਸੰਗਠਿਤ ਕੀਤਾ ਸੀ। (3) ਪਰਮੇਸ਼ੁਰ ਨੇ ਉਨ੍ਹਾਂ ਦੀ ਆਖ਼ਰੀ ਭਲਾਈ ਦੇ ਲਈ ਉਨ੍ਹਾਂ ਨੂੰ ਆਪਣੀਆਂ ਬਿਧੀਆਂ ਦਿੱਤੀਆਂ ਸਨ। (4) ਪਰਮੇਸ਼ੁਰ ਨੇ ਉਨ੍ਹਾਂ ਨੂੰ ਖਾਣ ਦੇ ਲਈ ਭੋਜਨ ਦਿੱਤਾ ਸੀ ਅਤੇ ਇਸ ਭੋਜਨ ਨੂੰ ਪ੍ਰਾਪਤ ਕਰਨ ਦੇ ਲਈ ਉਨ੍ਹਾਂ ਨੂੰ ਸਿਰਫ ਥੋੜ੍ਹਾ ਜਿਹਾ ਕੰਮ ਕਰਨ ਦੀ ਲੋੜ ਪੈਂਦੀ ਸੀ। (5) ਨਾ ਤੇ ਉਨ੍ਹਾਂ ਦੇ ਕੱਪੜੇ ਫਟੇ ਅਤੇ ਨਾ ਹੀ ਉਨ੍ਹਾਂ ਦੀਆਂ ਜੁੱਤੀਆਂ ਟੁੱਟੀਆਂ। (6) ਪਰਮੇਸ਼ੁਰ ਨੇ ਦਿਨ ਦੇ ਵੇਲੇ ਬੱਦਲ ਦੇ ਥੰਮ੍ਹ ਅਤੇ ਰਾਤ ਦੇ ਵੇਲੇ ਅੱਗ ਦੇ ਥੰਮ੍ਹ ਨਾਲ ਇਸਰਾਏਲੀਆਂ ਨੂੰ ਦਿਸ਼ਾ ਪ੍ਰਦਾਨ ਕੀਤੀ ਤਾਂ ਕਿ ਉਹ ਕਿਤੇ ਇੱਧਰ-ਉੱਧਰ ਭਟਕ ਨਾ ਜਾਣ। (7) ਪਰਮੇਸ਼ੁਰ ਉਨ੍ਹਾਂ ਨੂੰ ਵਾਅਦੇ ਦੀ ਧਰਤੀ ਵੱਲ ਲੈ ਗਿਆ ਜਿਹੜੀ ਉਹ ਉਨ੍ਹਾਂ ਨੂੰ ਉੱਥੇ ਪਹੁੰਚਣ ਤੇ ਝੱਟ ਦੇਣਾ ਚਾਹੁੰਦਾ ਸੀ। ਉਹ ਕੁਝ ਹੀ ਹਫ਼ਤਿਆਂ ਦੇ ਅੰਦਰ ਉਸ ਵਾਅਦੇ ਨੂੰ ਪੂਰਾ ਕਰਨ ਵਾਲੇ ਸਨ।

ਕਿਸ ਨੇ ਬੁੜਬੁੜਾਉਣਾ ਸ਼ੁਰੂ ਕੀਤਾ ਸੀ ਮੂਲ ਲਿਖਤ ਵਿਚ ਇਸ ਦਾ ਜ਼ਿਕਰ ਨਹੀਂ ਕੀਤਾ ਗਿਆ ਹੈ, ਪਰ ਪਹਿਲੇ ਦੌਰ ਤੋਂ ਬਾਅਦ ਦੂਜਾ ਦੌਰ ਆਉਂਦਾ ਹੈ। ਉਹ ਆਮ ਬੇਚੈਨੀ ਤੋਂ ਬਾਅਦ ਬੁੜ ਬੁੜਾਏ ਸਨ, ਇਸ ਹੱਦ ਤੱਕ ਕਿ ਆਖ਼ਰਕਾਰ ਮੂਸਾ ਇਸ ਤੋਂ ਪ੍ਰਭਾਵਿਤ ਹੋ ਗਿਆ ਸੀ। ਉਸ ਨੇ ਪਰਮੇਸ਼ੁਰ ਦੇ ਅੱਗੇ ਸ਼ਿਕਾਇਤ ਕੀਤੀ ਸੀ ਕਿ ਇਸਰਾਏਲ ਦੇ ਆਗੂ ਦੇ ਰੂਪ ਵਿਚ ਉਹ ਬਹੁਤ ਜ਼ਿਆਦਾ ਭਾਰ ਮਹਿਸੂਸ ਕਰ ਰਿਹਾ ਸੀ।

ਉਨ੍ਹਾਂ ਦਾ ਬੁੜਬੁੜਾਉਣਾ ਕਾਰਣ ਅਤੇ ਪ੍ਰਭਾਵ ਦੇ ਇਕ ਨਿਸ਼ਚਤ ਨਮੂਨੇ ਦਾ ਪਾਲਣ ਕਰਦਾ ਸੀ ਜਿਸ ਦਾ ਸਾਨੂੰ ਅਧਿਐਨ ਕਰਨ ਦੀ ਲੋੜ ਹੈ। ਸ਼ਿਕਾਇਤ ਕਰਨਾ ਅਤੇ ਬੁੜਬੁੜਾਉਣਾ ਉਹ ਰਵੱਈਏ ਹਨ ਜੋ ਇਸਰਾਏਲ ਦੇ ਲਈ ਅਨੋਖੇ ਹਨ। ਨਵੇਂ ਨੇਮ ਦੇ ਚਾਰ ਬੰਦ ਇਹੋ ਜਿਹੇ ਹਨ ਜੋ ਮਸੀਹੀ ਲੋਕਾਂ ਨੂੰ ਇਹੋ ਜਿਹਾ ਰਵੱਈਆ ਨਾ ਰੱਖਣ ਦੀ ਪ੍ਰੇਰਣਾ ਦਿੰਦੇ ਹਨ ਅਤੇ ਰਸੂਲਾਂ ਦੇ ਕਰਤੱਬ ਵਿਚ ਘੱਟੋ-ਘੱਟ ਇਕ ਉਦਾਹਰਣ ਇਹ ਵਿਖਾਉਂਦਾ ਹੈ ਕਿ ਇਸ ਨਾਲ ਕਲੀਸੀਆ ਦੀ

ਸ਼ਾਂਤੀ ਭੰਗ ਹੋਈ ਸੀ। ਉਹ ਚਾਰ ਬੰਦ ਹਨ 1 ਕੁਰਿੰਥੀਆਂ 10:10; ਫ਼ਿਲਿੱਪੀਆਂ 2:14; ਯਾਕੂਬ 5:19 ਅਤੇ ਯਹੂਦਾਹ 16. ਸ਼ਾਂਤੀ ਭੰਗ ਹੋਣ ਦਾ ਉਦਾਹਰਣ ਰਸੂਲਾਂ ਦੇ ਕਰਤੱਬ 6:1-4 ਵਿਚ ਮਿਲਦਾ ਹੈ ਜਿੱਥੇ ਯੂਨਾਨੀ-ਯਹੂਦੀ ਵਿਧਵਾਂ ਨੂੰ ਲੱਗਾ ਕਿ ਉਨ੍ਹਾਂ ਨੂੰ ਨਜ਼ਰਅੰਦਾਜ਼ ਕੀਤਾ ਜਾ ਰਿਹਾ ਹੈ।

ਜਦੋਂ ਅਸੀਂ ਪਿੱਛੇ ਮੁੜ ਕੇ ਬੁੜ ਬੁੜਾਉਣ ਅਤੇ ਸ਼ਿਕਾਇਤ ਕਰਨ ਦੇ ਮੁਢਲੇ ਸ੍ਰੋਤ ਨੂੰ ਵੇਖਦੇ ਹਾਂ, ਅਸੀਂ ਸ਼ਤਾਨ ਅਤੇ ਉਸ ਦੀਆਂ ਚਾਲਾਂ ਵੱਲ ਆਉਂਦੇ ਹਾਂ। ਅਦਨ ਦੇ ਬਾਗ ਵਿਚ, ਉਸ ਨੇ ਉਹੀ ਸਿਧਾਂਤ ਵਰਤਿਆ ਸੀ ਜਿਸ ਦਾ ਬਾਅਦ ਵਿਚ ਯਿਸੂ ਦੁਆਰਾ ਹਵਾਲਾ ਦਿੱਤਾ ਗਿਆ ਸੀ: "ਜੇ ਕਿਸੇ ਰਾਜ ਵਿੱਚ ਫੁੱਟ ਪੈ ਜਾਵੇ ਤਾਂ ਉਹ ਰਾਜ ਠਹਿਰ ਨਹੀਂ ਸੱਕਦਾ ..." (ਮਰਕੁਸ 3:24-26)। ਕਨਾਨ ਨੂੰ ਕੂਚ ਦੇ ਦੌਰਾਨ ਏਕਤਾ ਨੂੰ ਭੰਗ ਕਰਨ ਦੇ ਲਈ ਉਸ ਨੇ ਇਸਰਾਏਲੀਆਂ ਦੇ ਦਿਲਾਂ ਵਿਚ ਇਸ ਤਰੀਕੇ ਨਾਲ ਕੰਮ ਕੀਤਾ ਸੀ। ਉਸ ਨੇ ਪਰਮੇਸ਼ੁਰ ਦੀ ਯੋਜਨਾ ਦੇ ਵਿਰੁੱਧ ਵਿਦਰੋਹ ਅਤੇ ਪਾਪ ਦੇ ਆਤਮਾ ਨੂੰ ਪੈਦਾ ਕੀਤਾ।

*ਸਜ਼ਾ ਤੋਂ ਅਪ੍ਰਭਾਵਿਤ ਆਤਮਾ (11:1-4)।* ਪਰਮੇਸ਼ੁਰ ਕ੍ਰੋਧਿਤ ਹੋਇਆ ਜਦੋਂ ਇਸਰਾਏਲੀ ਬੁੜ ਬੁੜਾਏ। ਜਦੋਂ ਉਹ ਉਸ ਦੇ ਪ੍ਰਬੰਧਾਂ ਨਾਲ ਸੰਤੁਸ਼ਟ ਨਹੀਂ ਸਨ, ਉਸ ਨੇ ਡੇਰੇ ਦੀਆਂ ਹੱਦਾਂ ਤੇ ਤੰਬੂਆਂ ਨੂੰ ਅੱਗ ਲਾਉਣੀ ਸ਼ੁਰੂ ਕਰ ਦਿੱਤੀ ਅਤੇ ਲੋਕਾਂ ਨੇ ਆਪਣੀਆਂ ਚੀਜ਼ਾਂ ਗੁਆਉਣੀਆਂ ਸ਼ੁਰੂ ਕਰ ਦਿੱਤੀਆਂ। ਉਨ੍ਹਾਂ ਦੀ ਦਰਦਨਾਕ ਦੁਹਾਈ ਬੁੜ ਬੁੜਾਉਣ ਅਤੇ ਪਸ਼ਚਾਤਾਪ ਅਤੇ ਪਰਮੇਸ਼ੁਰ ਦੇ ਅੱਗੇ ਇਸ ਬੇਨਤੀ ਵਿਚ ਬਦਲ ਗਈ ਕਿ ਪਰਮੇਸ਼ੁਰ ਇਸ ਤਬਾਹੀ ਨੂੰ ਬੰਦ ਕਰ ਦੇਵੇ।

ਥੋੜ੍ਹੇ ਸਮੇਂ ਬਾਅਦ, ਇਸਰਾਏਲੀਆਂ ਵਿੱਚੋਂ ਇਕ ਹੋਰ ਸਮੂਹ ਨੇ ਬੁੜਬੁੜਾਉਣਾ ਸ਼ੁਰੂ ਕਰ ਦਿੱਤਾ। ਇਹ ਉਨ੍ਹਾਂ ਲੋਕਾਂ ਦੇ ਕਾਰਣ ਹੋਇਆ ਜਿਨ੍ਹਾਂ ਨੂੰ ਮੂਸਾ ਨੇ "ਭੀੜ" ਕਿਹਾ ਸੀ। ਇਹ ਉਨ੍ਹਾਂ ਲੋਕਾਂ ਦਾ ਸਮੂਹ ਸੀ ਜਿਹੜੇ ਮਿਸਰ ਦੀ ਗੁਲਾਮੀ ਵਿੱਚੋਂ ਬਚ ਕੇ ਨਿੱਕਲੇ ਸਨ ਅਤੇ ਜਿਨ੍ਹਾਂ ਦੀ ਇਸਰਾਏਲ ਵਿਚ ਆਪਣੀ ਕੋਈ ਵਿਰਾਸਤ ਨਹੀਂ ਸੀ। ਉਹ ਹੋਰ ਗੁਲਾਮ ਕੌਮਾਂ ਵਿੱਚੋਂ ਸਨ ਅਤੇ ਸਿਰਫ ਭੋਜਨ ਅਤੇ ਸੁਰੱਖਿਆ ਦੇ ਲਈ ਇਸਰਾਏਲੀਆਂ ਦੇ ਪਿੱਛੇ-ਪਿੱਛੇ ਉਜਾੜ ਵਿਚ ਆਏ ਸਨ। ਉਨ੍ਹਾਂ ਦਾ ਇਸਰਾਏਲ ਦੀ ਵਿਰਾਸਤ ਵਿਚ ਕੋਈ ਕਾਨੂੰਨੀ ਹਿੱਸਾ ਨਹੀਂ ਸੀ। ਉਨ੍ਹਾਂ ਨੇ ਪਰਮੇਸ਼ੁਰ ਦੇ ਲੋਕਾਂ ਦੇ ਲਈ ਪਰਮੇਸ਼ੁਰ ਦੀ ਯੋਜਨਾ ਵਿਚ ਸਾਂਝੀ ਨਹੀਂ ਸੀ ਹੋਣਾ। ਉਹ ਬਿਨ੍ਹਾਂ ਕਿਸੇ ਨਿੱਜੀ ਨਿਵੇਸ਼ ਦੇ ਮੁਫ਼ਤ ਸਵਾਰੀ ਦਾ ਅਨੰਦ ਮਾਣ ਰਹੇ ਸਨ।

*ਫਾਇਦਿਆਂ ਤੋਂ ਅਪ੍ਰਭਾਵਿਤ ਆਤਮਾ (11:5-9)।* ਇਸਰਾਏਲੀਆਂ ਦਾ ਬੁੜਬੁੜਾਉਣਾ ਅਤੇ ਲਾਲਸਾ ਉਨ੍ਹਾਂ ਦੇ ਲਈ ਉਨ੍ਹਾਂ ਸਭ ਗੱਲਾਂ ਨੂੰ ਭੁੱਲਣ ਦਾ ਸਬੱਬ ਬਣਿਆ ਜੋ ਪਰਮੇਸ਼ੁਰ ਉਨ੍ਹਾਂ ਦੇ ਲਈ ਕਰ ਰਿਹਾ ਸੀ। ਮੰਨ ਜੋ ਉਹ ਖਾ ਰਹੇ ਸਨ ਉਨ੍ਹਾਂ ਨੂੰ ਕਾਇਮ ਰੱਖ ਰਿਹਾ ਅਤੇ ਉਨ੍ਹਾਂ ਦਾ ਪਾਲਣ ਪੋਸ਼ਣ ਕਰ ਰਿਹਾ ਸੀ। ਉਨ੍ਹਾਂ ਦੇ ਬਾਕੀ ਦੇ ਜੀਵਨਾਂ ਦੇ ਲਈ ਪਰਮੇਸ਼ੁਰ ਨੇ ਉਨ੍ਹਾਂ ਦੇ ਲਈ ਇਸ ਨੂੰ ਖਾਣ ਦੀ ਯੋਜਨਾ ਨਹੀਂ ਸੀ ਬਣਾਈ। ਕੁਝ ਹਫ਼ਤਿਆਂ ਦੇ ਅੰਦਰ, ਜੇਕਰ ਉਹ ਵਫ਼ਾਦਾਰ ਰਹੇ ਸਨ, ਉਹ ਕਨਾਨ ਦੀਆਂ ਹੱਦਾਂ ਦੇ ਨਾਲ ਲੱਗਦੀ ਉਪਜ ਤੋਂ ਖਾ ਸਕਦੇ ਸਨ। ਪਰ, ਉਨ੍ਹਾਂ ਦੀ ਲਾਲਸਾ ਉਨ੍ਹਾਂ ਦੇ ਲਈ ਉਸ ਦਾ ਤਿਰਸਕਾਰ ਕਰਨ ਦਾ ਕਾਰਣ ਬਣੀ ਜੋ ਪਰਮੇਸ਼ੁਰ ਨੇ ਆਪਣੀ ਕਿਰਪਾ ਨਾਲ ਉਨ੍ਹਾਂ ਨੂੰ ਦਿੱਤਾ ਸੀ। ਉਨ੍ਹਾਂ ਨੇ ਮਿਸਰ ਦੇ ਮਸਾਲੇਦਾਰ ਭੋਜਨਾਂ ਨੂੰ ਚੇਤੇ ਕੀਤਾ ਅਤੇ ਉਨ੍ਹਾਂ ਦੀ ਲਾਲਸਾ ਕੀਤੀ।

*ਬੀਤੇ ਸਮੇਂ ਦੀਆਂ ਸ਼ਿਕਾਇਤਾਂ ਤੋਂ ਅਪ੍ਰਭਾਵਿਤ ਆਤਮਾ (11:5, 6)।* ਇਸਰਾਏਲੀਆਂ ਦੀ ਲਾਲਸਾ ਨੇ ਉਨ੍ਹਾਂ ਨੂੰ ਗੁਲਾਮੀ ਦੀ ਕੜਵਾਹਟ ਨੂੰ ਭੁਲਾਉਣ ਦਿੱਤਾ। ਸ਼ਾਇਦ ਉਨ੍ਹਾਂ ਦੇ ਕੋਲ ਖਾਣ ਲਈ ਕਾਫੀ ਹੋਵੇਗਾ, ਪਰ ਇਹ ਕੋਰੜੇ ਦੇ ਤਣੇ ਥੱਲੇ ਸੀ। ਜੇਕਰ ਉਹ ਆਪਣੇ ਚੋਗੇ ਉਤਾਰਦੇ, ਤਾਂ ਉਨ੍ਹਾਂ ਦੀਆਂ ਪਿੱਠਾਂ ਤੇ ਦਾਗਾਂ ਨੇ ਉਨ੍ਹਾਂ ਨੂੰ ਛੇਤੀ ਨਾਲ ਉਸ ਗੁਲਾਮੀ ਦੇ ਬਾਰੇ ਚੇਤੇ ਕਰਾ ਦੇਣਾ ਸੀ

ਜਿਸ ਦੇ ਵਿੱਚੋਂ ਉਹ ਬਾਹਰ ਨਿੱਕਲ ਕੇ ਆਏ ਸਨ। ਇਕ ਲੇਖਕ ਨੇ ਆਖਿਆ ਹੈ, "ਭੂਤਕਾਲ ਹਮੇਸ਼ਾ ਉਸ ਨਾਲੋਂ ਬਿਹਤਰ ਦੇ ਰੂਪ ਵਿਚ ਯਾਦ ਕੀਤਾ ਜਾਂਦਾ ਹੈ ਜਿੰਨਾ ਇਹ ਅਸਲ ਵਿਚ ਹੁੰਦਾ ਹੈ।"

ਲਾਲਸਾ ਅਤੇ ਬੁੜ ਬੁੜਾਉਣ ਨੇ ਉਨ੍ਹਾਂ ਨੂੰ ਵਰਤਮਾਨ ਦੀਆਂ ਬਰਕਤਾਂ ਨੂੰ ਵੀ ਭੁਲਾਉਣਾ ਦਿੱਤਾ। ਇਹ ਵਿਸ਼ਵਾਸ ਕਰਨਾ ਮੁਸ਼ਕਲ ਹੈ ਕਿ ਉਹ ਲੋਕ ਫਿਰ ਤੋਂ ਉਨ੍ਹਾਂ ਦੇ ਪੁਰਾਣੇ ਜੀਵਨ ਵੱਲ ਮੁੜਨਾ ਚਾਹੁੰਦੇ ਸਨ। ਪਤਰਸ ਨੇ ਸਾਨੂੰ ਚੇਤੇ ਕਰਾਇਆ ਹੈ ਕਿ ਜਦੋਂ ਲੋਕ ਉਨ੍ਹਾਂ ਦੇ ਮਨਾਂ ਵਿਚ ਆਪਣੇ ਆਪ ਨੂੰ ਪਾਪ ਦੇ ਲਈ ਦੇ ਦਿੰਦੇ ਹਨ, ਤਾਂ ਉਨ੍ਹਾਂ ਨੂੰ ਉਨ੍ਹਾਂ ਦੇ ਪੁਰਾਣੇ ਸੁਭਾਅ ਵੱਲ ਮੁੜਨ ਤੋਂ ਕੋਈ ਚੀਜ਼ ਨਹੀਂ ਰੋਕ ਸਕਦੀ (2 ਪਤਰਸ 2:19-22)। ਉਜਾੜ ਇਕ ਮੁਸ਼ਕਲ ਥਾਂ ਸੀ, ਪਰ ਇਸ ਦਾ ਉਦੇਸ਼ ਸਿਰਫ ਆਰਜ਼ੀ ਸੀ।

ਅਕਸਰ, ਜਦੋਂ ਅਸੀਂ ਜੀਵਨ ਵਿਚ ਆਪਣੀਆਂ ਤਕਦੀਰਾਂ ਬਾਰੇ ਬੁੜਬੁੜਾਉਣਾ ਸ਼ੁਰੂ ਕਰ ਦਿੰਦੇ ਹਾਂ, ਸਾਨੂੰ ਇਸ ਕਹਾਣੀ ਨੂੰ ਚੇਤੇ ਰੱਖਣ ਦੀ ਲੋੜ ਹੈ। ਬਾਈਬਲ ਸਾਨੂੰ ਬਾਰ-ਬਾਰ ਚੇਤੇ ਕਰਾਉਂਦੀ ਹੈ ਕਿ ਇਸਰਾਏਲ ਦੇ ਵਾਂਗ, ਅਸੀਂ ਇੱਥੇ ਧਰਤੀ ਉੱਤੇ ਸਿਰਫ ਆਰਜ਼ੀ ਤੌਰ ਤੇ ਡੇਰਾ ਲਾ ਰਹੇ ਹਾਂ (1 ਯੂਹੰਨਾ 2:15-17; 1 ਪਤਰਸ 2:11)।

*ਪਰਮੇਸ਼ੁਰ ਦੇ ਉਦੇਸ਼ ਤੋਂ ਅਪ੍ਰਭਾਵਿਤ ਆਤਮਾ।* ਪਰਮੇਸ਼ੁਰ ਨੇ ਇਸਰਾਏਲੀਆਂ ਨੂੰ ਆਪਣੀ ਪਰਜਾ ਹੋਣ ਦੇ ਲਈ ਸੱਦਿਆ ਸੀ। ਮਿਸਰ ਦੀ ਗੁਲਾਮੀ ਅਧੀਨ ਰਹਿ ਕੇ ਉਹ ਉਸ ਦੀ ਪਰਜਾ ਨਹੀਂ ਸੀ ਬਣ ਸਕਦੇ। ਸਿਰਫ ਅਜ਼ਾਦੀ ਅਤੇ ਪਰਮੇਸ਼ੁਰ ਦੀ ਅਗਵਾਈ ਹੇਠ ਇਸਰਾਏਲ ਅਤੇ ਪਰਮੇਸ਼ੁਰ ਇਕ ਨੇਮ ਬੰਨ੍ਹ ਸਕਦੇ ਸੀ। ਪਰਮੇਸ਼ੁਰ ਨੇ ਉਨ੍ਹਾਂ ਨੂੰ ਇਕ ਨਵੇਂ ਦੇਸ ਵਿਚ ਰਹਿਣ ਦੇ ਲਈ ਮਿਸਰ ਵਿੱਚੋਂ ਸੱਦਿਆ ਸੀ, ਉਹ ਦੇਸ ਜਿਸ ਦਾ ਵਾਅਦਾ ਪਰਮੇਸ਼ੁਰ ਨੇ ਉਨ੍ਹਾਂ ਦੇ ਪਿਉ ਦਾਦੇ ਅਬਰਾਹਾਮ ਨੂੰ ਦਿੱਤਾ ਸੀ ਜਿਸ ਤੇ ਉਹ ਕਬਜ਼ਾ ਕਰ ਸਕਦੇ ਸਨ। ਉਹ ਉਸ ਦੇਸ ਵੱਲ ਨੂੰ ਸਫ਼ਰ ਕਰ ਰਹੇ ਸਨ। ਇਸਰਾਏਲੀਆਂ ਵੱਲੋਂ ਬੁੜਬੁੜਾਉਣਾ ਅਤੇ ਕੜਹਾਵਟ ਸਿਰਫ ਨਕਾਰਾਤਮਕ ਤੌਰ ਤੇ ਉਸ ਸਫ਼ਰ ਨੂੰ ਪ੍ਰਭਾਵਿਤ ਕਰ ਸਕਦੇ ਸਨ ਅਤੇ ਉਸ ਉਦੇਸ਼ ਵਿਚ ਰੁਕਾਵਟ ਪੈਦਾ ਕਰ ਸਕਦੇ ਸਨ ਜਿਸ ਦੇ ਲਈ ਉਨ੍ਹਾਂ ਨੂੰ ਸੱਦਿਆ ਗਿਆ ਸੀ।

ਮਸੀਹ ਵਿਚ, ਪਰਮੇਸ਼ੁਰ ਨੇ ਸਾਨੂੰ ਉਸ ਦੀ ਪਰਜਾ ਹੋਣ ਦੇ ਲਈ ਸੱਦਿਆ ਹੈ। ਪਾਪ ਦੀ ਗੁਲਾਮੀ ਦੇ ਜੂਲੇ ਹੇਠ ਰਹਿ ਕੇ ਅਸੀਂ ਉਸ ਦੀ ਪਰਜਾ ਨਹੀਂ ਬਣ ਸਕਦੇ (ਰੋਮੀਆਂ 6:16, 17)। ਸਿਰਫ ਮਸੀਹ ਵਿਚ ਪਾਈ ਜਾਣ ਵਾਲੀ ਅਜ਼ਾਦੀ ਹੇਠ ਅਸੀਂ ਪਰਮੇਸ਼ੁਰ ਨਾਲ ਨੇਮ ਦਾ ਰਿਸ਼ਤਾ ਰੱਖ ਸਕਦੇ ਹਾਂ (ਗਲਾਤੀਆਂ 5:1)। ਪਰਮੇਸ਼ੁਰ ਨੇ ਸਾਨੂੰ ਇਕ ਨਵੇਂ ਅਤੇ ਵਾਅਦੇ ਦੇ ਦੇਸ ਅਰਥਾਤ ਸੁਰਗ ਵਿਚ ਰਹਿਣ ਦੇ ਲਈ ਵੀ ਸੱਦਿਆ ਹੈ। ਅਸੀਂ ਇਸ ਵਕਤ ਉਸੇ ਦੇਸ ਦੀ ਵੱਲ ਨੂੰ ਸਫ਼ਰ ਕਰ ਰਹੇ ਹਾਂ। ਫਿਰ, ਆਓ ਅਸੀਂ ਸੋਚੀਏ ਕਿ ਕਿਵੇਂ ਸ਼ਿਕਾਇਤਾਂ, ਵੰਡ, ਸੁਆਰਥੀ ਇੱਛਾ ਅਤੇ ਬੁੜਬੁੜਾਉਣਾ ਸਾਨੂੰ ਉਸ ਵਾਅਦੇ ਦੇ ਦੇਸ ਵੱਲ ਨੂੰ ਸਫ਼ਰ ਕਰਨ ਤੋਂ ਰੋਕਦਾ ਹੈ। ਪਰਮੇਸ਼ੁਰ ਨੇ ਸਾਡੇ ਲਈ ਬਹੁਤ ਕੁਝ ਕੀਤਾ ਹੈ, ਕਿਵੇਂ ਅਸੀਂ ਪਰਮੇਸ਼ੁਰ ਦੇ ਵਿਰੁੱਧ ਅਤੇ ਇਕ ਦੂਜੇ ਦੇ ਵਿਰੁੱਧ ਸ਼ਿਕਾਇਤ ਕਰਨ ਅਤੇ ਬੁੜ ਬੁੜਾਉਣ ਦੀ ਹਿੰਮਤ ਕਰਦੇ ਹਾਂ? ਇਹ ਪਾਪ ਹੀ ਹੈ ਜੋ ਸਾਡੇ ਦਿਲਾਂ ਅਤੇ ਮਿੱਤਰਾਂ ਵਿਚ ਵੰਡ ਪਾਉਂਦਾ ਹੈ ਅਤੇ ਪਰਮੇਸ਼ੁਰ ਦੇ ਉਦੇਸ਼ ਨੂੰ ਹਰਾਉਂਦਾ ਹੈ।

*ਸਿੱਟਾ।* ਪਰਮੇਸ਼ੁਰ ਨੇ ਆਪਣੇ ਕਿਰਪਾਲੂ ਪ੍ਰਬੰਧ ਹੇਠ ਸਾਨੂੰ ਸੰਤੋਖ ਵਿਚ ਰਹਿਣ ਦੇ ਲਈ ਸੱਦਿਆ ਹੈ। ਸਾਨੂੰ ਪਰਮੇਸ਼ੁਰ ਦੇ ਪ੍ਰਤੀ ਆਪਣੇ ਰਵੱਈਆਂ ਦੀ ਨੇੜਿਓਂ ਨਿਗਰਾਨੀ ਕਰਨੀ ਚਾਹੀਦੀ ਹੈ। ਸ਼ਾਇਦ ਹੁਣ ਸਮਾਂ ਹੈ ਕਿ ਅਸੀਂ ਉਨ੍ਹਾਂ ਸਾਰੀਆਂ ਬਰਕਤਾਂ ਦੀ ਸੂਚੀ ਬਣਾਈਏ ਜੋ ਪਰਮੇਸ਼ੁਰ ਨੇ ਸਾਡੇ ਨਾਲ ਸਾਂਝੀਆਂ ਕੀਤੀਆਂ ਹਨ।

### "ਕੀ ਯਹੋਵਾਹ ਦਾ ਹੱਥ ਛੋਟਾ ਹੋ ਗਿਆ ਹੈ?" (11:23)

ਸਾਡੀ ਮੂਲ ਲਿਖਤ ਸਵਾਲ ਪੁੱਛਦੀ ਹੈ "ਕੀ ਯਹੋਵਾਹ ਦਾ ਹੱਥ ਛੋਟਾ ਹੋ ਗਿਆ ਹੈ?" ਹੋਰ ਅਨੁਵਾਦ ਜ਼ਿਆਦਾ ਸ਼ਾਬਦਿਕ ਹਨ ਅਤੇ ਇਸ ਦਾ ਅਨੁਵਾਦ ਇਸ ਤਰ੍ਹਾਂ ਕਰਦੇ ਹਨ, "ਕੀ ਯਹੋਵਾਹ ਦਾ ਹੱਥ ਛੋਟਾ ਹੈ?" (RSV), ਪਰ ਇਹ ਵਿਚਾਰ NASB ਬਾਈਬਲ ਦੇ ਸ਼ਬਦਾਂ ਵਿਚ ਬਹੁਤ ਚੰਗੀ ਤਰ੍ਹਾਂ ਪਰਗਟ ਕੀਤਾ ਗਿਆ ਹੈ।

*ਇਸਰਾਏਲ ਨਾਲ ਉਸ ਦੀ ਮਹਾਨ ਸਮਰੱਥਾ।* ਸਭ ਤੋਂ ਪਹਿਲਾਂ, ਗਿਣਤੀ ਦੀ ਪੁਸਤਕ 11 ਅਧਿਆਇ ਵਿਚ ਅਸੀਂ ਇਸ ਸੱਚਾਈ ਨੂੰ ਵੇਖਣਾ ਚਾਹੁੰਦੇ ਹਾਂ ਕਿ ਪਰਮੇਸ਼ੁਰ ਦੀ ਸਮਰੱਥਾ ਸੀਮਤ ਨਹੀਂ ਹੈ! ਹਾਲਾਂਕਿ ਇਹ ਕੰਮ ਅਸੰਭਵ ਜਾਪਦਾ ਹੈ, ਉਸ ਨੇ ਉਹੀ ਕੀਤਾ ਜੋ ਉਸ ਨੇ ਕਿਹਾ ਸੀ ਕਿ ਉਹ ਕਰੇਗਾ!

ਸਫ਼ਰ ਦੀ ਤਿਆਰੀ ਕਰਨ ਤੋਂ ਬਾਅਦ, ਇਸਰਾਏਲੀ ਕਨਾਨ ਦੀ ਵੱਲ ਜਾ ਰਹੇ ਸਨ। ਪਰ, ਉਹ ਉਸੇ ਤਰ੍ਹਾਂ ਦੇ ਬੁੜ ਬੁੜਾਉਣ ਵਾਲੇ ਸਾਬਤ ਹੋਏ ਜੋ ਉਹ ਪਹਿਲਾਂ ਮਿਸਰ ਨੂੰ ਛੱਡਣ ਤੋਂ ਬਾਅਦ ਸਨ (ਕੂਚ 14:10-12)। ਉਹ ਬੁੜ ਬੁੜਾਏ ਅਤੇ ਪਰਮੇਸ਼ੁਰ ਨੇ ਡੇਰੇ ਦੀਆਂ ਹੱਦਾਂ ਨੂੰ ਭਸਮ ਕਰਨ ਦੇ ਲਈ ਅੱਗ ਘੱਲੀ (ਗਿਣਤੀ 11:1-3)। ਫਿਰ ਉਹ ਇਸ ਲਈ ਬੁੜ ਬੁੜਾਏ ਕਿਉਂਕਿ ਭੋਜਨ ਜੋ ਉਨ੍ਹਾਂ ਨੂੰ ਖਾਣਾ ਪੈ ਰਿਹਾ ਸੀ ਉਹ ਸਿਰਫ ਮੰਨ ਸੀ; ਉਹ ਮਾਸ ਖਾਣਾ ਚਾਹੁੰਦੇ ਸਨ (11:4-6)।

ਉਨ੍ਹਾਂ ਦੇ ਬੁੜ ਬੁੜਾਉਣ ਨੇ ਮੂਸਾ ਨੂੰ ਨਿਰਾਸ਼ ਕਰ ਦਿੱਤਾ, ਜਿਹੜਾ ਫਿਰ ਇਹ ਕਹਿੰਦੇ ਹੋਏ ਪਰਮੇਸ਼ੁਰ ਦੇ ਅੱਗੇ ਬੁੜ ਬੁੜਾਇਆ ਕਿ ਪਰਮੇਸ਼ੁਰ ਨੇ ਉਸ ਨੂੰ ਇਕ ਅਸੰਭਵ ਕੰਮ ਦਿੱਤਾ ਸੀ (11:10-14)। ਉਸ ਨੇ ਆਖਿਆ ਕਿ ਇਨ੍ਹਾਂ ਲੋਕਾਂ ਦੀ ਇਕੱਲਿਆਂ ਅਗਵਾਈ ਕਰਨਾ ਉਸ ਨੂੰ ਇੰਨਾ ਅੱਤ ਦੁਖੀ ਕਰ ਦੇਵੇਗਾ ਕਿ ਉਹ ਜੀਉਣ ਨਾਲੋਂ ਮਰਨਾ ਪਸੰਦ ਕਰੇਗਾ (11:15)। ਫਿਰ ਪਰਮੇਸ਼ੁਰ ਨੇ ਮੂਸਾ ਨੂੰ ਆਖਿਆ ਕਿ ਉਹ ਇਸ ਮਸਲੇ ਨੂੰ ਆਪ ਹੱਲ ਕਰੇਗਾ। ਪਰਮੇਸ਼ੁਰ ਨੇ ਮੂਸਾ ਨੂੰ ਸੱਤ੍ਰ ਮਨੁੱਖਾਂ ਨੂੰ ਚੁਣਨ ਦੀ ਹਦਾਇਤ ਦਿੱਤੀ ਅਤੇ ਆਖਿਆ ਕਿ ਉਹ ਉਨ੍ਹਾਂ ਉੱਤੇ ਉਹੀ ਆਤਮਾ ਪਾਵੇਗਾ ਜੋ ਮੂਸਾ ਤੇ ਸੀ; ਫਿਰ ਉਹ ਮੂਸਾ ਦੇ ਭਾਰ ਨੂੰ ਚੁੱਕਣ ਯੋਗ ਹੋਣਗੇ (11:16, 17)। ਇਸ ਤੋਂ ਇਲਾਵਾ, ਪਰਮੇਸ਼ੁਰ ਨੇ ਇਹ ਐਲਾਨ ਕੀਤਾ ਕਿ ਉਹ ਪਰਜਾ ਨੂੰ ਖਾਣ ਦੇ ਲਈ ਬਹੁਤ ਸਾਰਾ ਮਾਸ ਦੇਵੇਗਾ (11:18-20)।

ਇਸ ਗੱਲ ਤੇ ਮੂਸਾ ਨੇ ਆਖਿਆ,

> ... ਏਹ ਪਰਜਾ ਜਿਹ ਦੇ ਵਿੱਚ ਮੈਂ ਹਾਂ ਛੇ ਲੱਖ ਪਿਆਦੇ ਹਨ ਅਤੇ ਤੂੰ ਮੈਨੂੰ ਆਖਦਾ ਹੈਂ ਕਿ ਮੈਂ ਉਨ੍ਹਾਂ ਨੂੰ ਮਾਸ ਦਿਆਂਗਾ ਅਤੇ ਓਹ ਪੂਰਾ ਮਹੀਨਾ ਖਾਣਗੇ! ਭਲਾ, ਇੱਜੜ ਅਤੇ ਵੱਗ ਉਨ੍ਹਾਂ ਲਈ ਮਾਰੇ ਜਾਣ ਕਿ ਉਨ੍ਹਾਂ ਲਈ ਬੱਸ ਹੋਣ? ਅਥਵਾ ਸਮੁੰਦਰ ਦੀਆਂ ਸਾਰੀਆਂ ਮੱਛੀਆਂ ਉਨ੍ਹਾਂ ਲਈ ਇਕੱਠੀਆਂ ਕੀਤੀਆਂ ਜਾਣ ਤਾਂ ਜੋ ਓਹ ਉਨ੍ਹਾਂ ਲਈ ਬੱਸ ਹੋਣ? (11:21, 22)।

ਪਰਮੇਸ਼ੁਰ ਨੇ ਸਾਡੀ ਮੂਲ ਲਿਖਤ ਦੇ ਸ਼ਬਦਾਂ ਨਾਲ ਜਵਾਬ ਦਿੱਤਾ: "ਕੀ ਯਹੋਵਾਹ ਦਾ ਹੱਥ ਛੋਟਾ ਹੋ ਗਿਆ ਹੈ? ਹੁਣ ਤੂੰ ਵੇਖੇਂਗਾ ਕਿ ਮੇਰੀ ਗੱਲ ਤੇਰੇ ਲਈ ਪੂਰੀ ਹੁੰਦੀ ਹੈ ਕਿ ਨਹੀਂ" (11:23)।

ਇਹ ਅਧਿਆਇ ਅੱਗੇ ਇਹ ਦੱਸਦਾ ਹੈ ਕਿ ਪਰਮੇਸ਼ੁਰ ਨੇ ਉਹ ਕੀਤਾ ਜੋ ਉਸ ਨੇ ਆਖਿਆ ਸੀ ਕਿ ਉਹ ਕਰੇਗਾ। ਉਸ ਨੇ ਇਸਰਾਏਲ ਦੇ ਸੱਤ੍ਰ ਆਗੂਆਂ ਨੂੰ ਆਤਮਾ ਦਿੱਤਾ, ਇਸ ਲਈ ਉਹ ਅਗੰਮ ਵਾਚਣ ਲੱਗ ਪਏ (11:24-26)। ਫਿਰ ਪਰਮੇਸ਼ੁਰ ਨੇ ਡੇਰੇ ਉੱਤੇ ਬਟੇਰੇ ਘੱਲੇ - ਇੰਨੇ ਜ਼ਿਆਦਾ ਕਿ ਹਰੇਕ ਕੋਲ ਖਾਣ ਦੇ ਲਈ ਬਹੁਤ ਸਾਰੇ ਸਨ (11:31, 32)। ਪਰ, ਪਰਮੇਸ਼ੁਰ ਨੇ ਉਨ੍ਹਾਂ ਦੇ ਬੁੜ ਬੁੜਾਉਣ ਦੇ ਲਈ ਉਨ੍ਹਾਂ ਨੂੰ ਸਜ਼ਾ ਦਿੱਤੇ ਬਿਨ੍ਹਾਂ ਨਹੀਂ ਛੱਡਿਆ। ਉਸ ਨੇ ਉਨ੍ਹਾਂ ਨੂੰ

"ਅੱਤ ਵੱਡੀ ਬਵਾ ਨਾਲ" ਮਾਰਿਆ (11:33)।

*ਪੂਰੇ ਸਮੇਂ ਦੌਰਾਨ ਉਸ ਦੀ ਮਹਾਨ ਸਮਰੱਥਾ।* ਦੂਜੀ ਗੱਲ, ਅਸੀਂ "ਕੀ ਯਹੋਵਾਹ ਦਾ ਹੱਥ ਛੋਟਾ ਹੋ ਗਿਆ ਹੈ?" ਸਵਾਲ ਦੇ ਬਾਰੇ ਪੂਰੀ ਬਾਈਬਲ ਦੇ ਸੰਦਰਭ ਵਿਚ ਸੋਚ ਸਕਦੇ ਹਾਂ। ਬਾਈਬਲ ਹਰ ਥਾਂ ਇਹ ਵਿਖਾਉਂਦੀ ਹੈ ਕਿ ਪਰਮੇਸ਼ੁਰ ਕੁਝ ਵੀ ਕਰ ਸਕਦਾ ਹੈ, ਇਹ ਕਿ ਉਸ ਦੀ ਸਮਰੱਥਾ ਅਸੀਮਤ ਹੈ! ਪਰਮੇਸ਼ੁਰ ਨੇ ਆਪਣੀ ਅਸੀਮ ਸਮਰੱਥਾ ਨੂੰ ਕਿਵੇਂ ਵਿਖਾਇਆ ਹੈ? (1) ਪਰਮੇਸ਼ੁਰ ਨੇ ਰਚਨਾ ਵਿਚ ਆਪਣੀ ਮਹਾਨ ਸਮਰੱਥਾ ਨੂੰ ਵਿਖਾਇਆ ਜਦੋਂ ਉਸ ਨੇ ਉਹ ਸਭ ਕੁਝ ਜੋ ਮੌਜੂਦ ਹੈ ਕਿਸੇ ਵੀ ਚੀਜ਼ ਵਿੱਚੋਂ ਨਹੀਂ ਬਣਾਇਆ। (2) ਜਦੋਂ ਪਰਮੇਸ਼ੁਰ ਨੇ ਆਪਣੀ ਪਰਜਾ ਇਸਰਾਏਲ ਨੂੰ ਉਸ ਸਮੇਂ ਦੇ ਪ੍ਰਾਚੀਨ ਮਸੋਪੋਤਾਮੀਆ ਵਿਚ ਸਭ ਤੋਂ ਵੱਡੀ ਸ਼ਕਤੀ ਮਿਸਰ ਦੀ ਗੁਲਾਮੀ ਵਿੱਚੋਂ ਛੁਡਾਇਆ, ਉਸ ਨੇ ਆਪਣੀ ਅਸੀਮਤ ਸਮਰੱਥਾ ਨੂੰ ਵਿਖਾਇਆ ਸੀ। (3) ਪਰਮੇਸ਼ੁਰ ਨੇ ਯਿਸੂ ਦੇ ਜੀਵਨ ਅਤੇ ਕੰਮਾਂ ਵਿਚ ਵੀ ਆਪਣੀ ਸ਼ਾਨਦਾਰ ਸਮਰੱਥਾ ਨੂੰ ਵਿਖਾਇਆ ਸੀ, ਜਿਹੜਾ ਉਹ ਸ਼ਬਦ ਸੀ ਜਿਹੜਾ ਦੇਹ ਧਾਰੀ ਹੋਇਆ (ਯੂਹੰਨਾ 1:14)। ਜਦੋਂ ਅਸੀਂ ਉਸ ਸਮਰੱਥਾ ਦੇ ਬਾਰੇ ਸੋਚਦੇ ਹਾਂ ਜੋ ਉਸ ਦੇ ਦੁਆਰਾ ਵਿਖਾਈ ਗਈ ਸੀ ਜਿਹੜਾ ਪਾਣੀ ਉੱਤੇ ਚੱਲ ਸਕਦਾ ਸੀ, ਲਹਿਰਾਂ ਨੂੰ ਹੁਕਮ ਦੇ ਸਕਦਾ ਸੀ, ਬਿਮਾਰਾਂ ਨੂੰ ਚੰਗਾ ਕਰ ਸਕਦਾ ਸੀ, ਪੰਜ ਰੋਟੀਆਂ ਤੋਂ ਕਈ ਰੋਟੀਆਂ ਬਣਾ ਸਕਦਾ ਸੀ, ਪਾਣੀ ਨੂੰ ਮੈ ਵਿਚ ਬਦਲ ਸਕਦਾ ਸੀ ਅਤੇ ਮੁਰਦਿਆਂ ਨੂੰ ਜਿੰਦਾ ਕਰ ਸਕਦਾ ਸੀ, ਤਾਂ ਅਸੀਂ ਸਾਡੇ ਮਹਾਨ ਪਰਮੇਸ਼ੁਰ ਦੀ ਮਹਾਨ ਸਮਰੱਥਾ ਤੇ ਹੈਰਾਨ ਹੋ ਜਾਂਦੇ ਹਾਂ। (4) ਪਰਮੇਸ਼ੁਰ ਦੀ ਸਮਰੱਥਾ ਮੁਢਲੀ ਕਲੀਸੀਆ ਵਿਚ ਵੀ ਸਪੱਸ਼ਟ ਸੀ, ਜਿਸ ਨੇ, ਸਤਾਓ ਦੇ ਬਾਵਜੂਦ, ਇਕ ਪੀੜ੍ਹੀ ਵਿਚ ਰੋਮੀ ਸੰਸਾਰ ਨੂੰ ਖੁਸ਼ਖ਼ਬਰੀ ਦਾ ਪਰਚਾਰ ਕੀਤਾ। (5) ਪਰਮੇਸ਼ੁਰ ਦੀ ਅਸੀਮ ਸਮਰੱਥਾ ਉਦੋਂ ਵੀ ਸਪੱਸ਼ਟ ਹੋਵੇਗੀ ਜਦੋਂ ਮਸੀਹ ਦੁਬਾਰਾ ਆਵੇਗਾ: ਸੰਸਾਰ ਬਰਬਾਦ ਹੋ ਜਾਵੇਗਾ; ਸਗੋਂ ਮਸੀਹ ਦੇ ਦੁਸ਼ਮਣ ਵੀ ਉਸ ਦੇ ਸਾਹਮਣੇ ਸਿਰ ਝੁਕਾਉਣਗੇ ਅਤੇ ਉਸ ਨੂੰ "ਪ੍ਰਭੂ" ਆਖਣਗੇ (ਫ਼ਿਲਿੱਪੀਆਂ 2:9-11)। ਪਰਮੇਸ਼ੁਰ ਦੀ ਸਮਰੱਥਾ ਇੰਨੀ ਮਹਾਨ ਹੈ ਕਿ ਇਹ ਸਾਡੀ ਸਮਝ ਤੋਂ ਪਰੇ ਹੈ!

*ਹੁਣ ਉਸ ਦੀ ਮਹਾਨ ਸਮਰੱਥਾ।* ਤੀਜਾ, ਆਓ ਅਸੀਂ ਆਪਣੇ ਸੰਸਾਰ ਦੇ ਸੰਦਰਭ ਵਿਚ ਆਇਤ 23 ਵਿਚ ਦਿੱਤੇ ਗਏ ਸਵਾਲ ਤੇ ਵਿਚਾਰ ਕਰੀਏ। ਨਵਾਂ ਨੇਮ ਪਰਮੇਸ਼ੁਰ ਦੀ ਯੋਗਤਾ ਦੀ, ਉਸ ਦੀ ਸਮਰੱਥਾ ਦੀ ਗੱਲ ਕਰਦਾ ਹੈ (ਵੇਖੋ ਅਫ਼ਸੀਆਂ 3:20, 21)।

ਪਰਮੇਸ਼ੁਰ ਦੇ ਕੋਲ ਜੋ ਸਮਰੱਥਾ ਹੈ ਅੱਜ ਉਹ ਉਸ ਨਾਲ ਕੀ ਕਰਦਾ ਹੈ? ਉਸ ਦੇ ਕੋਲ ਮਾੜੇ ਤੋਂ ਮਾੜੇ ਪਾਪੀ ਨੂੰ ਬਚਾਉਣ ਦੀ ਸਮਰੱਥਾ ਹੈ। ਜੇਕਰ ਮਸੀਹ ਉਨ੍ਹਾਂ ਨੂੰ ਬਚਾ ਸਕਦਾ ਸੀ ਜਿਨ੍ਹਾਂ ਨੂੰ ਉਸ ਦੇ ਨਾਲ ਸਲੀਬ ਉੱਤੇ ਚੜ੍ਹਾਇਆ ਗਿਆ ਸੀ (ਵੇਖੋ ਰਸੂਲਾਂ ਦੇ ਕਰਤੱਬ 2), ਉਹ ਕਿਸੇ ਨੂੰ ਵੀ ਬਚਾ ਸਕਦਾ ਹੈ - ਜਿਸ ਦੇ ਵਿਚ ਤੁਸੀਂ ਵੀ ਸ਼ਾਮਲ ਹੋ! ਪਰਮੇਸ਼ੁਰ ਕੋਲ ਤੁਹਾਨੂੰ ਮਸੀਹੀ ਜੀਵਨ ਜੀਉਣ ਦੇ ਯੋਗ ਬਣਾਉਣ ਦੀ ਸਮਰੱਥਾ ਹੈ। ਮਸੀਹ ਤੁਹਾਨੂੰ ਉਹ ਸਭ ਕਰਨ ਦੇ ਵੀ ਯੋਗ ਬਣਾ ਸਕਦਾ ਹੈ ਜੋ ਉਹ ਤੁਹਾਡੇ ਕੋਲੋਂ ਕਰਵਾਉਣਾ ਚਾਹੁੰਦਾ ਹੈ। ਫ਼ਿਲਿੱਪੀਆਂ 4:13 ਆਖਦੀ ਹੈ, "ਉਹ ਦੇ ਵਿੱਚ ਜੋ ਮੈਨੂੰ ਬਲ ਦਿੰਦਾ ਹੈ ਮੈਂ ਸੱਭੋ ਕੁਝ ਕਰ ਸੱਕਦਾ ਹਾਂ।" ਇਸ ਬੰਦ ਦਾ ਅਰਥ ਜ਼ਰੂਰੀ ਇਹ ਨਹੀਂ ਹੈ ਕਿ ਅਸੀਂ ਸ਼ਾਬਦਿਕ ਤੌਰ ਤੇ ਸੱਭੋ ਕੁਝ ਕਰ ਸਕਦੇ ਹਾਂ - ਇਹ ਕਿ ਕੋਈ ਵੀ ਪੰਦਰਾਂ ਫੁੱਟ ਉੱਚੀ ਛਾਲ ਮਾਰ ਸਕਦਾ ਹੈ। ਬਲਕਿ, ਇਸ ਦਾ ਅਰਥ ਇਹ ਹੈ ਕਿ ਪਰਮੇਸ਼ੁਰ ਸਾਨੂੰ ਉਹ ਸਭ ਕੁਝ ਕਰਨ ਦੇ ਯੋਗ ਬਣਾ ਸਕਦਾ ਹੈ ਜੋ ਉਸ ਨੇ ਸਾਨੂੰ ਕਰਨ ਦੇ ਲਈ ਸੱਦਿਆ ਹੈ। ਪਰਮੇਸ਼ੁਰ ਨੇ ਕਲੀਸੀਆ ਨੂੰ ਵੀ ਮਹਾਨ ਕੰਮ ਕਰਨ ਦੀ ਸਮਰੱਥਾ ਦਿੱਤੀ ਸੀ। ਸਾਨੂੰ ਇਹ ਵਿਸ਼ਵਾਸ ਕਰਨਾ ਚਾਹੀਦਾ ਹੈ ਕਿ ਪਰਮੇਸ਼ੁਰ ਜਿਹੜਾ ਪਹਿਲੀ ਸਦੀ ਦੀ ਕਲੀਸੀਆ ਨੂੰ ਉਨ੍ਹਾਂ ਦੀ ਅਸੰਭਵ ਜਿੱਤ ਦੇ ਸਕਦਾ ਸੀ ਆਪਣੀ ਅੱਜ ਦੀ ਕਲੀਸੀਆ ਨੂੰ ਮਹਾਨ ਕੰਮ ਕਰਨ

ਦੇ ਯੋਗ ਬਣਾ ਸਕਦਾ ਹੈ।

*ਸਿੱਟਾ।* "ਕੀ ਯਹੋਵਾਹ ਦਾ ਹੱਥ ਛੋਟਾ ਹੋ ਗਿਆ ਹੈ" ਸਵਾਲ ਦਾ ਜਵਾਬ ਦੋਹਾਂ ਗਿਣਤੀ ਦੀ ਪੁਸਤਕ 11 ਅਧਿਆਇ ਅਤੇ ਬਾਕੀ ਦੀ ਬਾਈਬਲ ਵਿਚ ਜ਼ੋਰਦਾਰ "ਨਹੀਂ" ਦਿੱਤਾ ਗਿਆ ਹੈ। ਫਿਰ ਵੀ, ਕੁਝ ਚੀਜ਼ਾਂ *ਹਨ* ਜੋ ਪਰਮੇਸ਼ੁਰ ਨਹੀਂ ਕਰ ਸਕਦਾ - ਭਾਵੇਂ ਕਿ ਉਸ ਦੀ ਸਮਰੱਥਾ ਅਸੀਮਤ ਹੈ - ਕਿਉਂਕਿ ਉਹ ਸਹੀ ਨਹੀਂ ਹਨ। "ਪਰਮੇਸ਼ੁਰ ਬਦੀਆਂ ਤੋਂ ਪਰਤਾਇਆ ਨਹੀਂ ਜਾਂਦਾ ਹੈ" (ਯਾਕੂਬ 1:13); "ਪਰਮੇਸ਼ੁਰ ਦਾ ਝੂਠ ਬੋਲਣਾ ਅਣਹੋਣਾ ਹੈ" (ਇਬਰਾਨੀਆਂ 6:18; ਵੇਖੋ 2 ਤਿਮੋਥਿਉਸ 2:13; ਤੀਤੁਸ 1:2)। ਕਿਉਂ? ਕਿਉਂਕਿ ਪਰਮੇਸ਼ੁਰ ਉਹ ਚੀਜ਼ਾਂ ਨਹੀਂ ਕਰ ਸਕਦਾ ਜੋ ਉਸ ਦੇ ਆਪਣੇ ਸੁਭਾਅ ਦੀ ਉਲੰਘਣਾ ਕਰਦੀਆਂ ਹਨ। ਕਿਉਂਕਿ ਪਰਮੇਸ਼ੁਰ ਬਿਲਕੁਲ ਪਵਿੱਤਰ ਹੈ, ਬਿਲਕੁਲ ਚੰਗਾ ਹੈ, ਉਸ ਦੇ ਲਈ ਝੂਠ ਬੋਲਣਾ ਅਸੰਭਵ ਹੈ। ਪਰਮੇਸ਼ੁਰ ਅਜਿਹਾ ਕੁਝ ਨਹੀਂ ਕਰ ਸਕਦਾ ਜੋ ਉਸ ਦੇ ਆਪਣੇ ਸੁਭਾਅ ਦੇ ਉਲਟ ਹੈ।

ਪਵਿੱਤਰ ਪਰਮੇਸ਼ੁਰ ਉਨ੍ਹਾਂ ਲੋਕਾਂ ਨੂੰ ਨਹੀਂ ਬਚਾ ਸਕਦਾ ਜਿਹੜੇ ਆਪਣੇ ਪਾਪਾਂ ਦੀ ਵੱਲੋਂ ਨਹੀਂ ਮੁੜਦੇ! ਉਹ ਸਾਨੂੰ ਸਾਡੇ ਪਾਪਾਂ *ਤੋਂ* ਬਚਾ ਸਕਦਾ ਹੈ, ਪਰ ਸਾਡੇ ਪਾਪਾਂ *ਵਿਚ* ਨਹੀਂ! ਇਸ ਲਈ, ਬਚਾਏ ਜਾਣ ਦੇ ਲਈ ਸਾਡਾ ਆਪਣੇ ਪਾਪਾਂ ਤੋਂ ਬਚਾਇਆ ਜਾਣਾ ਜ਼ਰੂਰੀ ਹੈ - ਪਰਮੇਸ਼ੁਰ ਦੀ ਕਿਰਪਾ ਅਤੇ ਮਸੀਹ ਦੇ ਲਹੂ ਨਾਲ ਬਚਾਇਆ ਜਾਣਾ, ਨਿਹਚਾ ਅਤੇ ਆਗਿਆਕਾਰੀ ਵਿਚ ਉਸ ਦੇ ਵੱਲ ਮੁੜਨ ਦੁਆਰਾ - ਮਸੀਹ ਵਿਚ ਵਿਸ਼ਵਾਸ ਕਰਨ, ਆਪਣੇ ਪਾਪਾਂ ਤੋਂ ਤੋਬਾ ਕਰਨ, ਮਸੀਹ ਵਿਚ ਨਿਹਚਾ ਦਾ ਇਕਰਾਰ ਕਰਨ ਅਤੇ ਪਾਪਾਂ ਦੀ ਮਾਫ਼ੀ ਦੇ ਲਈ ਬਪਤਿਸਮਾ ਲੈਣ ਦੁਆਰਾ।

---

ਟਿੱਪਣੀਆਂ

[1]ਰੋਨਲਡ ਬੀ. ਐਲਨ ਦੀ ਪੁਸਤਕ *ਦਿ ਇਕਸਪੋਜੀਟਰਸ ਬਾਈਬਲ ਕਮੈਂਟਰੀ*, ਜਿਲਦ 2, *ਉਤਪਤ-ਗਿਣਤੀ*, ਸੰਪਾ. ਫਰੈਂਕ ਈ. ਗਾਬੀਲੀਨ (ਗ੍ਰੈਂਡ ਰੈਪਿਡਸ, ਮਿਸ਼ੀਗਨ: ਜ਼ੋਂਡੇਰਵਨ ਪਬਲਿਸ਼ਿੰਗ ਹਾਊਸ, 1990) ਵਿਚ ਸਫ਼ਾ 790 ਤੇ "ਗਿਣਤੀ" ਹੈ। [2]ਜੇਮਸ ਬਰਟਨ ਕੌਫਮੈਨ, *ਲੇਵੀਆਂ ਦੀ ਪੋਥੀ ਆਨ ਗਿਣਤੀ ਐਂਡ ਨੰਬਰਸ: ਦ ਥਰਡ ਐਂਡ ਫੋਰਥ ਬੁਕਸ ਆਫ਼ ਮੋਜ਼ਜ* (ਐਬੀਲੀਨ, ਟੈਕਸਾਸ: ਏ.ਸੀ.ਯੂ. ਪ੍ਰੈਸ, 1987), 359. [3]ਐਲਨ, 794. [4]ਇਹ ਐਲਨ ਦਾ ਵਿਚਾਰ ਸੀ। (ਉਸੇ ਸਥਾਨ ਤੇ।) [5]ਟਿਮੋਥੀ ਆਰ. ਐਸ਼ਲੀ ਦੀ ਪੁਸਤਕ ਦ ਨਿਊ ਇੰਟਰਨੈਸ਼ਨਲ ਕਮੈਂਟਰੀ ਆਨ ਦਿ ਓਲਡ ਟੈਸਟਾਮੈਂਟ (ਗ੍ਰੈਂਡ ਰੈਪਿਡਸ, ਮਿਸ਼ੀਗਨ: ਵਿਲੀਅਮ ਬੀ. ਈਰਡਮੈਂਸ ਪਬਲਿਸ਼ਿੰਗ ਕੰਪਨੀ, 1993) ਵਿਚ ਸਫ਼ਾ 215 ਤੇ *ਗਿਣਤੀ ਦੀ ਪੁਸਤਕ* ਹੈ। [6]ਹੇਰੋਦੋਤੁਸ *ਹਿਸਟਰੀਜ਼* 2.77. [7]ਡੈਨਿਸ ਟੀ. ਓਲਸਨ ਦੀ ਪੁਸਤਕ *ਹਾਰਪਰਸ ਬਾਈਬਲ ਕਮੈਂਟਰੀ*, ਸੰਪਾ. ਜੇਮਸ ਐਲ. ਮੇਅਜ (ਸੈਨ ਫਰਾਂਸਿਸਕੋ: ਹਾਰਪਰ ਐਂਡ ਰੋਅ, 1988) ਵਿਚ ਸਫ਼ਾ 190 ਤੇ "ਗਿਣਤੀ" ਹੈ। [8]ਗੋਰਡਨ ਜੇ. ਵੈਨਹਮ ਦੀ ਪੁਸਤਕ ਦ ਟਿੰਡੇਲ ਓਲਡ ਟੈਸਟਾਮੈਂਟ ਕਮੈਂਟਰੀਜ਼ (ਡਾਊਨਰਸ ਗਰੋਵ, ਇਲੀਨੋਇਸ: ਇੰਟਰ-ਵਰਸਿਟੀ ਪ੍ਰੈਸ, 1981) ਵਿਚ ਸਫ਼ਾ 107 ਤੇ *ਗਿਣਤੀ* ਹੈ।